People's Herald

People's Herald



Rs- 160/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ



"Equality and Justice"

स्वतंत्रता, समानता, भाईचारा

PATIALA On line paper 21 ਦਸੰਬਰ 2025 ਐਤਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ


ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

# MGNREGA ਦਾ ਨਾਮ ਬਦਲਣ 'ਤੇ ਸੋਨੀਆ ਗਾਂਧੀ ਦਾ ਕੇਂਦਰ 'ਤੇ ਤਿੱਖਾ ਹਮਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 94636 01616 hardipchumber57@gmail.com

ਨਵੀ ਦਿੱਲੀ, – ਕੇਂਦਰ ਸਰਕਾਰ ਨੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਮਨਰੇਗਾ (MGNREGA) ਦੀ ਥਾਂ ਲੈਣ ਲਈ "ਵੀਬੀ-ਜੀ ਰਾਮ ਜੀ" ਬਿੱਲ ਪੇਸ਼ ਕੀਤਾ। ਇਹ ਬਿੱਲ ਸੰਸਦ ਦੇ ਦੋਵਾਂ ਸਦਨਾਂ ਵਿੱਚ ਪਾਸ ਹੋ ਚੁੱਕਾ ਹੈ। ਬਿੱਲ ਦੇ ਪਾਸ ਹੋਣ ਤੋਂ ਬਾਅਦ ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ। ਆਪਣੇ ਵੀਡੀਓ ਸੰਦੇਸ਼ ਵਿੱਚ, ਸੋਨੀਆ ਗਾਂਧੀ ਨੇ 20 ਸਾਲ ਪਹਿਲਾਂ ਪੇਸ਼ ਕੀਤੇ ਗਏ ਮਨਰੇਗਾ ਕਾਨੂੰਨ ਨੂੰ ਇੱਕ ਕ੍ਰਾਂਤੀਕਾਰੀ ਕਦਮ ਦੱਸਿਆ। ਸੋਨੀਆ ਗਾਂਧੀ ਨੇ ਨਵੇਂ ਕਾਨੂੰਨ ਬਾਰੇ ਕਿਹਾ ਕਿ ਸਰਕਾਰ ਨੇ ਮਨਰੇਗਾ 'ਤੇ ਬੁਲਡੋਜ਼ਰ ਚਲਾਇਆ ਹੈ।

ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ 20 ਸਾਲ ਪਹਿਲਾਂ ਸੰਸਦ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਜਦੋਂ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ। ਇਹ ਇੱਕ ਇਨਕਲਾਬੀ ਕਦਮ ਸੀ, ਜਿਸਨੇ ਲੱਖਾਂ ਪੇਂਡੂ ਪਰਿਵਾਰਾਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ। ਇਹ ਖਾਸ ਕਰਕੇ ਗਰੀਬਾਂ, ਅਤੇ ਪਛੜੇ ਲੋਕਾਂ ਲਈ ਰੋਜ਼ੀ-ਰੋਟੀ ਦਾ ਇੱਕ ਵੱਡਾ ਸਰੋਤ ਸੀ। ਸੋਨੀਆ ਗਾਂਧੀ ਨੇ ਕਿਹਾ ਕਿ ਮਨਰੇਗਾ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਪ੍ਰਵਾਸ ਨੂੰ ਰੋਕਿਆ ਅਤੇ ਲੋਕਾਂ ਨੂੰ ਰੁਜ਼ਗਾਰ ਦਾ ਕਾਨੂੰਨੀ ਅਧਿਕਾਰ ਦਿੱਤਾ। ਇਸਨੇ ਪਿੰਡ ਦੀਆਂ ਪੰਚਾਇਤਾਂ ਨੂੰ ਮਜ਼ਬੂਤ ਕੀਤਾ ਅਤੇ ਮਹਾਤਮਾ ਗਾਂਧੀ ਦੇ ਗ੍ਰਾਮ ਸਵਰਾਜ ਦੇ ਸੁਪਨੇ ਨੂੰ ਅੱਗੇ ਵਧਾਉਣ ਵਿੱਚ ਮਦਦ ਕੀਤੀ।

ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ 11 ਸਾਲਾਂ ਤੋਂ ਮੋਦੀ ਸਰਕਾਰ ਨੇ ਲਗਾਤਾਰ ਮਨਰੇਗਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਾਲ ਹੀ ਵਿੱਚ ਸਰਕਾਰ ਨੇ ਮਨਰੇਗਾ 'ਤੇ ਬੁਲਡੋਜ਼ਰ ਚਲਾਇਆ ਹੈ। ਉਨ੍ਹਾਂ



ਕਿਹਾ ਕਿ ਇਸ ਯੋਜਨਾ 'ਚੋ ਨਾ ਸਿਰਫ਼ ਮਹਾਤਮਾ ਗਾਂਧੀ ਦਾ ਨਾਮ ਹਟਾ ਦਿੱਤਾ ਗਿਆ, ਸਗੋਂ ਮਨਰੇਗਾ ਦੇ ਢਾਂਚੇ ਨੂੰ ਵੀ ਬਿਨਾਂ ਕਿਸੇ ਚਰਚਾ, ਸਲਾਹ-ਮਸ਼ਵਰੇ, ਦੇ ਮਨਮਰਜ਼ੀ ਨਾਲ ਬਦਲ ਦਿੱਤਾ ਗਿਆ।

# ਜਲਦ ਲਵਾਂਗੇ ਪਾਰਟੀ ਦਾ ਚੋਣ ਨਿਸ਼ਾਨ, ਅਗਲੀਆਂ ਚੋਣਾਂ ਤਕੜੇ ਹੋ ਕੇ ਲੜਾਂਗੇ: ਗਿਆਨੀ ਹਰਪ੍ਰੀਤ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ 20 ਦਸੰਬਰ 2025: ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਅੱਜ ਚੰਡੀਗੜ੍ਹ ਵਿਖੇ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਪਾਰਟੀ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੀ ਰਣਨੀਤੀ 'ਤੇ ਚਰਚਾ ਕੀਤੀ ਗਈ। ਮੀਟਿੰਗ ਤੋਂ ਬਾਅਦ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਈ ਅਹਿਮ ਐਲਾਨ ਕੀਤੇ।

ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪਾਰਟੀ ਆਪਣੀ ਹੋਂਦ ਨੂੰ ਮਜ਼ਬੂਤ ਕਰਨ ਲਈ ਜਲਦੀ ਹੀ ਇੱਕ ਸੁਤੰਤਰ ਚੋਣ ਨਿਸ਼ਾਨ (Symbol) ਪ੍ਰਾਪਤ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀਆਂ ਦੀਆਂ ਮੀਟਿੰਗਾਂ ਜਲਦ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਆਉਣ ਵਾਲੀਆਂ ਚੋਣਾਂ ਨੂੰ



ਪੂਰੀ ਤਾਕਤ ਅਤੇ ਤਨਦੇਹੀ ਨਾਲ ਲੜਿਆ ਜਾਵੇਗਾ ਤਾਂ ਜੋ ਪੰਜਾਬ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਨੇ ਪੰਜਾਬ ਭਰ ਵਿੱਚ ਕਰੀਬ 50 ਬਲਾਕ ਸੰਮਤੀ ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਪਾਰਟੀ ਲੀਡਰਸ਼ਿਪ ਵੱਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੇ ਕਈ ਥਾਵਾਂ 'ਤੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਿੱਥੇ ਉਮੀਦਵਾਰ ਜਿੱਤ ਨਹੀਂ ਸਕੇ, ਉੱਥੇ ਵੀ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਡੂੰਘਾਈ ਨਾਲ ਮੰਥਨ ਕੀਤਾ ਗਿਆ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਮਕਸਦ ਪੰਜਾਬ ਦੇ ਅਸਲ ਮੁੱਦਿਆਂ ਨੂੰ ਚੁੱਕਣਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦਕ ਢਾਂਚੇ ਨੂੰ ਹੇਠਲੇ ਪੱਧਰ (ਬਲਾਕ ਅਤੇ ਪਿੰਡ ਪੱਧਰ) ਤੱਕ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇੱਕ ਮਜ਼ਬੂਤ ਖੇਤਰੀ ਵਿਕਲਪ ਮਿਲ ਸਕੇ।

ਮਿਸ਼ਨ ਕੰਟ੍ਰੋਲ ਦੀ ਤਿਆਰੀ: ਗਿਆਨੀ ਹਰਪ੍ਰੀਤ ਸਿੰਘ ਧੜੇ ਵੱਲੋਂ 'ਮਿਸ਼ਨ ਕੰਟ੍ਰੋਲ' ਦੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਪਾਰਟੀ ਅੰਦਰ ਫੈਲੀ ਬੇਚੈਨੀ ਨੂੰ ਠੱਲ੍ਹ ਪਾਈ ਜਾ ਸਕੇ।

PAC ਦਾ ਗਠਨ:

ਸੂਤਰਾਂ ਦੇ ਹਵਾਲੇ ਤੋਂ ਖ਼ਬਰ ਹੈ ਕਿ ਮੀਟਿੰਗ ਵਿੱਚ ਇੱਕ ਨਵੀਂ Political Affairs Committee (PAC) ਬਣਾਉਣ 'ਤੇ ਗੰਭੀਰ ਚਰਚਾ ਹੋ ਰਹੀ ਹੈ।

ਪਾਰਟੀ ਵਿੱਚ ਚੱਲ ਰਹੀ ਬਗਾਵਤ ਨੂੰ ਸ਼ਾਂਤ ਕਰਨ ਲਈ ਕਈ ਵੱਡੇ ਅਤੇ ਨਰਾਜ਼ ਆਗੂਆਂ ਨੂੰ ਇਸ PAC ਵਿੱਚ ਸ਼ਾਮਲ ਕਰਕੇ 'ਐਡਜਸਟ' ਕਰਨ ਦੀ ਕਵਾਇਦ ਤੇਜ਼ ਕਰ ਦਿੱਤੀ ਗਈ ਹੈ।ਇਸ ਅਹਿਮ ਮੀਟਿੰਗ ਵਿੱਚ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦੇ ਕਈ ਪ੍ਰਮੁੱਖ ਆਗੂ ਸ਼ਾਮਲ ਹਨ, ਜੋ ਪਾਰਟੀ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਸਿਰ ਜੋੜ ਕੇ ਬੈਠੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਇਯਾਲੀ ਅਤੇ ਘੁੰਮਣ ਦੇ ਸਖ਼ਤ ਰੁਖ਼ ਨੇ ਪਾਰਟੀ ਹਾਈਕਮਾਂਡ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਹੁਣ ਗਿਆਨੀ ਹਰਪ੍ਰੀਤ ਸਿੰਘ ਧੜੇ ਵੱਲੋਂ ਕੀਤੀ ਜਾ ਰਹੀ ਇਹ ਗੁਪਤ ਮੀਟਿੰਗ ਪਾਰਟੀ ਦੀ ਅੰਦਰੂਨੀ ਸਿਆਸਤ ਵਿੱਚ ਕੋਈ ਵੱਡਾ ਫੇਰਬਦਲ ਕਰ ਸਕਦੀ ਹੈ।

# ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਕੈਬਨਿਟ ਵੱਲੋਂ ਆਬਾਦੀ ਦੇਹ ਐਕਟ, 2021 ਵਿੱਚ ਸੋਧ ਨੂੰ ਮਨਜ਼ੂਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ PUNJAB ਮੰਤਰੀ ਮੰਡਲ ਨੇ ਅੱਜ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਇਤਰਾਜ਼ ਅਤੇ ਅਪੀਲਾਂ ਦਾਇਰ ਕਰਨ ਦੀ ਸਮਾਂ ਸੀਮਾ ਘਟਾਉਣ ਲਈ ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਐਕਟ, 2021 ਵਿੱਚ ਸੋਧ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਲਿਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਮੰਤਰੀ ਮੰਡਲ ਨੇ ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਐਕਟ, 2021 ਦੀ ਧਾਰਾ 11 ਵਿੱਚ ਸੋਧ ਕਰਨ ਨੂੰ ਵੀ ਸਹਿਮਤੀ ਦੇ ਦਿੱਤੀ ਹੈ, ਜਿਸ ਨਾਲ ਖਾਸ ਸਮਾਂ ਮਿਆਦਾਂ ਨੂੰ "ਸਰਕਾਰ ਦੁਆਰਾ ਨੋਟੀਫਾਈ ਕੀਤੀ ਮਿਆਦ ਅੰਦਰ" ਨਾਲ ਬਦਲਿਆ ਜਾ ਸਕੇਗਾ, ਜਿਸ ਦਾ ਉਦੇਸ਼ ਇਤਰਾਜ਼ ਦਾਇਰ ਕਰਨ ਅਤੇ ਉਨ੍ਹਾਂ ਦੇ ਨਿਪਟਾਰੇ ਲਈ ਮੌਜੂਦਾ 90 ਅਤੇ 60 ਦਿਨਾਂ (ਕ੍ਰਮਵਾਰ) ਤੋਂ ਘਟਾ ਕੇ 30 ਦਿਨ ਕਰਨਾ ਹੈ। ਇਸੇ ਤਰ੍ਹਾਂ ਐਕਟ ਦੀ ਧਾਰਾ 12(4) ਵਿੱਚ ਸੋਧ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਨਾਲ ਅਪੀਲਾਂ ਦੇ ਨਿਪਟਾਰੇ ਦੀ ਮਿਆਦ 60 ਦਿਨਾਂ ਤੋਂ ਘਟਾ ਕੇ 30 ਦਿਨ ਕੀਤੀ ਜਾ ਸਕੇਗੀ।



ਇਹ ਕਦਮ ਇਤਰਾਜ਼ਾਂ ਅਤੇ ਅਪੀਲਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਹੋਰ ਤੇਜ਼ੀ ਲਿਆਵੇਗਾ, ਜਿਸ ਨਾਲ ਜਨਤਾ ਨੂੰ ਕਾਫ਼ੀ ਲਾਭ ਹੋਵੇਗਾ।

ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਅਤੇ ਕਾਰੋਬਾਰਾਂ ਦੀ ਵਿੱਤੀ ਸਿਹਤ ਨੂੰ ਬਿਹਤਰ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਵਿੱਚ, ਕੈਬਨਿਟ ਨੇ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ (ਆਈਬੀਡੀਪੀ) 2022 ਵਿੱਚ ਇੱਕ ਅਹਿਮ ਸੋਧ ਨੂੰ ਵੀ ਪ੍ਰਵਾਨਗੀ ਦਿੱਤੀ, ਜੋ ਆਈਬੀਡੀਪੀ -2022 ਅਧੀਨ ਵਿੱਤੀ ਪ੍ਰੋਤਸਾਹਨ ਪ੍ਰਾਪਤ ਕਰਨ ਲਈ ਬੈਂਕ ਗਰੰਟੀ ਪ੍ਰਦਾਨ ਕਰਨ ਦੀ ਸ਼ਰਤ ਦਾ ਬਦਲ ਹੈ।

ਇਹ ਫੈਸਲਾ ਉਦਯੋਗ-ਸੰਗਠਨਾਂ ਦੀਆਂ ਕਈ ਨੁਮਾਇੰਦਗੀਆਂ ਤੋਂ ਬਾਅਦ ਲਿਆ ਗਿਆ ਹੈ, ਜਿਨ੍ਹਾਂ ਮੰਗ ਕੀਤੀ ਸੀ ਕਿ ਮੌਜੂਦਾ ਬੈਂਕ ਗਰੰਟੀ ਦੀਆਂ ਜ਼ਰੂਰਤਾਂ ਕਾਰਜਸ਼ੀਲ ਪੂੰਜੀ ਦੀ ਕਾਫ਼ੀ ਮਾਤਰਾ ਵਿੱਚ ਰੋਕ ਲਗਾ ਰਹੀਆਂ ਹਨ। ਪੂੰਜੀ ਦੀ ਘਾਟ, ਜੋ ਉਦਯੋਗਿਕ ਵਿਸਥਾਰ, ਖੋਜ ਅਤੇ ਵਿਕਾਸ ਅਤੇ ਰੁਜ਼ਗਾਰ ਉਤਪਤੀ ਲਈ ਉਪਲਬਧ ਫੰਡਾਂ ਨੂੰ ਸੀਮਤ ਕਰ ਰਿਹਾ ਸੀ, ਨੂੰ ਇੱਕ ਵੱਡੀ ਰੁਕਾਵਟ ਵਜੋਂ ਪਛਾਣਿਆ ਗਿਆ ਸੀ।

ਹਾਲੀਆ ਸੋਧ ਤਹਿਤ, ਸਟੈਂਪ ਡਿਊਟੀ ਤੋਂ ਛੋਟ ਦੇ ਪ੍ਰੋਤਸਾਹਨ ਦਾ ਲਾਭ ਉਠਾਉਣ ਲਈ, ਪ੍ਰੋਤਸਾਹਨ ਪ੍ਰਾਪਤ ਜਾਇਦਾਦ 'ਤੇ ਬੈਂਕ ਗਰੰਟੀ ਦੀ ਸ਼ਰਤ ਨੂੰ ਵਪਾਰਕ ਉਤਪਾਦਨ ਦੇ ਸ਼ੁਰੂ ਹੋਣ ਦੀ ਮਿਤੀ ਤੱਕ ਵੈਧ ਫਸਟ ਚਾਰਜ ਨਾਲ ਬਦਲ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਸੀ.ਐਲ.ਯੂ./ਈ.ਡੀ.ਸੀ. ਛੋਟ ਦੇ ਪ੍ਰੋਤਸਾਹਨ ਲਈ, ਬੈਂਕ ਗਾਰੰਟੀ ਦੀ ਥਾਂ ਇੱਕ ਮਜ਼ਬੂਤ-ਤੰਤਰ ਪੇਸ਼ ਕੀਤਾ ਗਿਆ ਹੈ।

ਇਹ ਸੋਧ ਨੀਤੀ ਦੀ ਪ੍ਰਭਾਵੀ ਮਿਤੀ ਭਾਵ 17/10/2022 ਤੋਂ ਲਾਗੂ ਹੋਵੇਗੀ।

ਕੈਬਨਿਟ ਨੇ ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ 253 ਏਕੜ ਜ਼ਮੀਨ, ਜੋ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਤਬਦੀਲ ਕੀਤੀ ਗਈ ਸੀ, ਦੀ ਮੁੜ ਵੰਡ ਨੂੰ ਵੀ ਹਰੀ ਝੰਡੀ ਦੇ ਦਿੱਤੀ। ਹੁਣ 10 ਏਕੜ ਜ਼ਮੀਨ ਬੈਟਰੀ ਊਰਜਾ ਸਟੋਰੇਜ ਸਿਸਟਮ (ਬੀਈਐਸਐਸ) ਇੰਸਟਾਲੇਸ਼ਨ (ਟਰਾਂਸਫਰ ਟੂ ਪੀਐਸਪੀਸੀਐਲ ) ਲਈ ਵਰਤੀ ਜਾਵੇਗੀ, 10 ਏਕੜ (ਨਵੇਂ ਬੱਸ ਸਟੈਂਡ ਲਈ) ਬੀਡੀਏ ਦੁਆਰਾ ਰੱਖੀ ਜਾਵੇਗੀ ਅਤੇ ਟਰਾਂਸਪੋਰਟ ਵਿਭਾਗ ਨੂੰ ਦਿੱਤੀ ਜਾਵੇਗੀ, ਜੋ ਡਿਪਟੀ ਕਮਿਸ਼ਨਰ ਬਠਿੰਡਾ ਦੁਆਰਾ ਨਿਰਧਾਰਤ ਕੀਮਤ 'ਤੇ ਜ਼ਮੀਨ ਦੀ ਕੀਮਤ ਬੀਡੀਏ ਨੂੰ ਦੇਵੇਗਾ। ਬਾਕੀ 20 ਏਕੜ ਜ਼ਮੀਨ ਰਿਹਾਇਸ਼ੀ/ਵਪਾਰਕ ਉਦੇਸ਼ਾਂ ਲਈ ਰਿਹਾਇਸ਼ੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੁਆਰਾ ਰੱਖੀ ਜਾਵੇਗੀ।

ਕੈਬਨਿਟ ਨੇ ਨਗਰ ਪਾਲਿਕਾਵਾਂ ਅਤੇ ਸ਼ਹਿਰੀ ਸਥਾਨਕ ਇਕਾਈਆਂ ਵੱਲੋਂ ਵੇਚੀਆਂ ਜਾਂ ਤਬਦੀਲ ਕੀਤੀਆਂ ਜਾਣ ਵਾਲੀਆਂ ਉੱਚ-ਮੁੱਲ ਵਾਲੀਆਂ ਜਾਇਦਾਦਾਂ, ਜਿਨ੍ਹਾਂ ਨੂੰ 'ਚੰਕ ਸਾਈਟਾਂ' ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਲਈ ਭੁਗਤਾਨ ਸ਼ਡਿਊਲ ਵਿੱਚ ਸੋਧ ਲਈ ਪੰਜਾਬ ਪ੍ਰਬੰਧਨ ਅਤੇ ਮਿਊਂਸਪਲ ਪ੍ਰਾਪਰਟੀਜ਼ ਨਿਯਮ, 2021 ਦੇ ਨਿਯਮ 3 ਅਤੇ 16 (1) ਵਿੱਚ ਸੋਧ ਕਰਨ ਲਈ ਆਪਣੀ ਸਹਿਮਤੀ ਵੀ ਦਿੱਤੀ। ਇਹ ਨਿਵੇਸ਼ ਪ੍ਰਤੀਯੋਗੀ ਬੋਲੀ ਵਿੱਚ ਵਾਧਾ ਕਰੇਗਾ ਅਤੇ ਸ਼ਹਿਰੀ ਅਤੇ ਵਿਕਾਸ ਵਿੱਚ ਮਹੱਤਵਪੂਰਨ ਨਿਵੇਸ਼ਾਂ ਨੂੰ ਆਕਰਸ਼ਿਤ ਕਰੇਗਾ।ਇਸ ਤੋਂ ਇਲਾਵਾ, ਇਹ ਯੋਗ ਬੋਲੀਕਾਰਾਂ ਦੇ ਪੂਲ ਨੂੰ ਵਧਾ ਕੇ ਮਾਰਕੀਟ ਮੁਕਾਬਲੇ ਨੂੰ ਵਧਾਏਗਾ ਅਤੇ ਬੋਲੀ ਪ੍ਰਕਿਰਿਆ ਦੌਰਾਨ ਮੁਕਾਬਲੇ ਨੂੰ ਤੇਜ਼ ਕਰੇਗਾ।

ਕੈਬਨਿਟ ਨੇ ਮਨਰੇਗਾ 'ਤੇ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਸੋਧਾਂ 'ਤੇ ਚਰਚਾ ਕਰਨ ਲਈ 30 ਦਸੰਬਰ, 2025 ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਵੀ ਪ੍ਰਵਾਨਗੀ ਦੇ ਦਿੱਤੀ।

ਮੰਤਰੀ ਮੰਡਲ ਦਾ ਵਿਚਾਰ ਸੀ ਕਿ ਸੋਧਾਂ ਦਾ ਉਦੇਸ਼ ਨਾ ਸਿਰਫ਼ ਸਕੀਮ ਦਾ ਨਾਮ ਬਦਲਣਾ ਹੈ, ਸਗੋਂ ਸਕੀਮ ਦੀ ਮੂਲ ਭਾਵਨਾ ਨੂੰ ਖ਼ਤਮ ਕਰਨਾ ਹੈ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

## CM ਨਿਤੀਸ਼ ਕੁਮਾਰ ਵੱਲੋਂ ਨਿਯੁਕਤੀ ਪੱਤਰ ਲੈਣ ਆਈ ਮੁਸਲਿਮ ਲੜਕੀ ਦਾ ਹਿਜਾਬ ਉਤਾਰਨਾਂ ਅਤਿ ਨਿੰਦਣਯੋਗ – ਜਮਹੂਰੀ ਅਧਿਕਾਰ ਸਭਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਪਿਛਲੇ ਦਿਨਾਂ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਨੌਕਰੀ ਲੈਣ ਲਈ ਨਿਯੁਕਤੀ ਵੰਡ ਪ੍ਰੋਗਰਾਮ ਵਿਚ ਮੁਸਲਿਮ ਭਾਈਚਾਰੇ ਦੀ ਲੜਕੀ ਨੂੰ ਮੂੰਹ ਨੰਗਾ ਕਰਨ ਦੇ ਬਹਾਨੇ ਉਸ ਦੇ ਖਿਜਾਬ ਨੂੰ ਉਤਾਰਨਾਂ ਅਤਿ ਨਿੰਦਣਯੋਗ ਵਰਤਾਰਾ ਹੈ। ਇਹ ਘੱਟ ਗਿਣਤੀਆਂ ਦੀ ਧਾਰਮਿਕ ਭਾਵਨਾਵਾਂ ਦਾ ਨਿਰਾਦਰ ਕਰਨਾ ਹੈ।



ਸਭਾ ਦੇ ਪ੍ਰਧਾਨ ਜਗਜੀਤ ਭੁਟਾਲ,ਮੀਤ ਪ੍ਰਧਾਨ ਬਸੇਸਰ ਰਾਮ, ਸੱਕਤਰ ਕੁਲਦੀਪ ਸਿੰਘ, ਵਿੱਤ ਸਕੱਤਰ ਮਨਧੀਰ ਰਾਜੋਮਾਜਰਾ, ਕੁਲਵਿੰਦਰ ਬੰਟੀ ਧੂਰੀ ਅਤੇ ਪ੍ਰੈਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ ਨੇ ਪਰੈਸ ਬਿਆਨ ਜਾਰੀ ਕਰਦਿਆਂ ਕਿਹਾ ਨਿਯੁਕਤੀ ਪੱਤਰ ਲੈਣ ਆਈ ਮੁਸਲਿਮ ਲੜਕੀ ਦਾ ਖਿਜਾਬ ਲਾਹੁਣਾ ਅਤਿ ਨਿੰਦਣਯੋਗ ਹੈ। ਕਿਸੇ ਵੀ ਧਰਮ ਦੇ ਪਹਿਰਾਵੇ ਨੂੰ ਹੱਥ ਲਗਾਉਣਾਂ ਜਾ ਉਤਾਰਨਾਂ ਉਸ ਦੇ ਧਰਮ ਦੀ ਬੇਅਦਬੀ ਕਰਨਾ ਹੈ। ਚਾਹੇ ਮੁਸਲਿਮ ਲੜਕੀ ਦਾ ਖਿਜਾਬ ,ਸਿੱਖ ਲੜਕੀ ਦੀ ਚੁੰਨੀ ਜਾਂ ਸਿੱਖ ਲੜਕੇ ਦੀ ਪੱਗ,ਹੋਵੇ। ਨਿਤੀਸ਼ ਕੁਮਾਰ ਦੇ ਇਸ ਕਾਰੇ ਨਾਲ ਉਸ ਦੀ ਘੱਟ ਗਿਣਤੀਆਂ ਪ੍ਰਤੀ ਸੋਚ ਉਜਾਗਰ ਹੁੰਦੀ ਹੈ। ਵੰਨ ਸੁਵੰਨਤਾ ਵਾਲੇ ਭਾਰਤ ਨੂੰ ਇੱਕ ਧਰਮ ਦਾ ਰਾਸ਼ਟਰ ਬਣਾਉਣ ਦੇ ਝੂਠੇ ਸੁਪਨੇ ਦਿਖਾ ਕੇ ਖੂਨ ਖਰਾਬਾ ਕਰਵਾਉਣ ਵੱਲ ਕਦਮ ਹਨ, ਜੋ ਕਿ ਫਿਰਕਾਪ੍ਰਸਤ ਹਾਕਮਾਂ ਦਾ ਮੁੱਖ ਏਜੰਡਾ ਹੈ ।

ਇਸ ਹਿਟਲਰੀ ਕਾਰੇ ਦੀ ਪ੍ਰੋੜਤਾ ਕਰਨ ਵਾਲੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਵੱਲੋਂ ਇਸ ਨੂੰ ਸਹੀ ਠਹਿਰਾਉਣ ਵਿੱਚ ਵੀ ਘੱਟ ਗਿਣਤੀਆਂ ਪ੍ਰਤੀ ਫਿਰਕੂ ਜਹਿਰ ਦੀ ਉਜਾਗਰਤਾ ਹੀ ਹੁੰਦੀ ਹੈ। ਗਿਰੀਰਾਜ ਕਹਿੰਦਾ ਹੈ ਨਿਯੁਕਤੀ ਪੱਤਰ ਲੈਣਾ ਲਵੇ ਨਹੀਂ ਜਹੁਨਮ ਜਾਏ। ਉਸ ਲੜਕੀ ਨੇ ਮੇਹਨਤ ਕਰਕੇ ਨੌਕਰੀ ਹਾਸਲ ਕੀਤੀ ਹੈ ,ਨੌਕਰੀਆਂ ਲਈ ਨਿਯੁਕਤੀ ਪੱਤਰ ਵਿਭਾਗੀ ਪਰਕਿਰਿਆ ਰਾਹੀਂ ਜਾਰੀ ਹੁੰਦੇ ਸਨ ਤੇ ਹੋਣ ਚਾਹੀਦੇ ਹਨ। ਇਹ ਸਰਕਾਰਾਂ ਦਾ ਇਸ ਤਰ੍ਹਾਂ ਨਿਯੁਕਤੀ ਪੱਤਰ ਦੇਕੇ ਸਰਕਾਰ ਦੀ ਮਸ਼ਹੂਰੀ ਕਰਨ ਲੱਗੀਆਂ ਹੋਈਆਂ ਹਨ। ਜੋ ਸਰਾਸਰ ਗਲਤ ਹੈ।ਹੁਣ ਮੁਲਕ ਵਿੱਚ ਜੋ ਮਾੜਾ ਮੋਟਾ ਲੋਕਤੰਤਰ ਦਾ ਅੰਸ ਬਚਿਆ ਸੀ ਉਹ ਵੀ ਖ਼ਤਮ ਹੁੰਦਾ ਜਾ ਰਿਹਾ।

## ਅਦਾਲਤ ਨੇ ਵਿਧਾਇਕ ਪਠਾਨਮਾਜਰਾ ਨੂੰ ਐਲਾਨਿਆ ਭਗੌੜਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਪਟਿਆਲਾ ਦੀ ਇੱਕ ਅਦਾਲਤ ਨੇ ਪੰਜਾਬ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੂੰ ਭਗੌੜਾ ਐਲਾਨ ਦਿੱਤਾ ਹੈ। ਅਦਾਲਤ ਨੇ ਵਿਧਾਇਕ ਨੂੰ ਆਪਣੀਆਂ ਜਾਇਦਾਦਾਂ ਦੀ ਸੂਚੀ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਮਾਮਲੇ ਦੀ ਅਗਲੀ ਸੁਣਵਾਈ 31 ਜਨਵਰੀ ਨੂੰ ਹੋਵੇਗੀ।

ਇੱਕ ਔਰਤ ਨੇ ਪਠਾਨਮਾਜਰਾ ਵਿਰੁੱਧ ਬਲਾਤਕਾਰ ਦਾ ਮਾਮਲਾ ਦਰਜ ਕਰਵਾਇਆ ਸੀ। ਇਸ ਤੋਂ ਬਾਅਦ, ਪਠਾਨਮਾਜਰਾ ਫਰਾਰ ਹੋ ਗਿਆ। ਜਦੋਂ ਪੰਜਾਬ ਪੁਲਿਸ ਉਸਨੂੰ ਫੜਨ ਲਈ ਕਰਨਾਲ ਪਹੁੰਚੀ, ਤਾਂ ਉਹਨਾਂ ਦੀ ਪੁਲਿਸ ਨਾਲ ਝੜਪ ਹੋ ਗਈ, ਜਿਸ ਤੋਂ ਬਾਅਦ ਪਠਾਨਮਾਜਰਾ ਭੱਜ ਗਿਆ।

ਇਸ ਤੋਂ ਬਾਅਦ, ਪਠਾਨਮਾਜਰਾ ਸੋਸ਼ਲ ਮੀਡੀਆ ਰਾਹੀਂ ਆਸਟ੍ਰੇਲੀਆ ਵਿੱਚ ਨਜ਼ਰ ਆਇਆ, ਜਿੱਥੇ ਉਸਨੇ ਆਸਟ੍ਰੇਲੀਆ ਵਿੱਚ ਪੰਜਾਬੀ ਚੈਨਲਾਂ ਨਾਲ ਗੱਲਬਾਤ ਕੀਤੀ। ਹਾਲਾਂਕਿ, ਪਠਾਨਮਾਜਰਾ ਦਾ ਦਾਅਵਾ ਹੈ ਕਿ ਉਸਦੇ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ



ਹੈ। ਉਸਨੂੰ ਇਸ ਮਾਮਲੇ ਵਿੱਚ ਇਸ ਲਈ ਫਸਾਇਆ ਗਿਆ ਹੈ ਕਿਉਂਕਿ ਉਸਨੇ ‘ਆਪ’ ਦੀ ਦਿੱਲੀ ਟੀਮ ਵਿਰੁੱਧ ਬਿਆਨ ਦਿੱਤੇ ਸਨ।

## ਗਵਰਨਰ ਗੁਲਾਬ ਚੰਦ ਕਟਾਰੀਆ ਨੇ CGC ਲਾਂਡਰਾਂ ਦੇ 19ਵੇਂ ਕਨਵੋਕੇਸ਼ਨ ਵਿੱਚ ਵੰਡੀਆਂ ਡਿਗਰੀਆਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ, 20 ਦਸੰਬਰ 2025: ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਲਾਂਡਰਾਂ ਦੇ 19ਵੇਂ ਸਾਲਾਨਾ ਕਨਵੋਕੇਸ਼ਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਧਾਨਗੀ ਕੀਤੀ। ਇਸ ਮੌਕੇ ਵਿਯੋਮ ਜੈਨ (ਨਾਗਾਰੋ), ਸ. ਸਤਨਾਮ ਸਿੰਘ ਸੰਧੂ (ਚੇਅਰਮੈਨ), ਸ. ਰਸ਼ਪਾਲ ਸਿੰਘ ਧਾਲੀਵਾਲ (ਪ੍ਰਧਾਨ), ਪਰਮਪਾਲ ਸਿੰਘ ਢਿੱਲੋਂ (ਵਾਈਸ ਚੇਅਰਮੈਨ), ਡਾ. ਰਾਜਦੀਪ ਸਿੰਘ (ਕੈਂਪਸ ਡਾਇਰੈਕਟਰ) ਸਮੇਤ ਸੰਸਥਾ ਦੇ ਡਾਇਰੈਕਟਰ, ਡੀਨ ਅਤੇ ਅਧਿਆਪਕ ਹਾਜ਼ਰ ਸਨ।




ਕਨਵੋਕੇਸ਼ਨ ਦੌਰਾਨ 79 ਮੈਰਿਟ ਧਾਰਕਾਂ ਵਿੱਚੋਂ 49 ਸੋਨ ਤਮਗਾ ਜੇਤੂਆਂ ਨੂੰ ਰਾਜਪਾਲ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਇੰਜੀਨੀਅਰਿੰਗ ਦੇ ਵੱਖ-ਵੱਖ ਵਿਭਾਗਾਂ ਦੇ 1,305 ਵਿਦਿਆਰਥੀਆਂ ਅਤੇ ਮੈਨੇਜਮੈਂਟ, ਬਾ ਇ ਓ ਟੈ ਕ ਨਾ ਲੋ ਜੀ , ਫਾਰਮੇਸੀ, ਹੋਟਲ ਮੈਨੇਜਮੈਂਟ ਸਮੇਤ ਗੈਰ-ਇੰਜੀਨੀਅਰਿੰਗ ਕੋਰਸਾਂ ਦੇ 1,420 ਗ੍ਰੈਜੂਏਟਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਆਪਣੇ ਕਨਵੋਕੇਸ਼ਨ ਭਾਸ਼ਣ ਵਿੱਚ ਰਾਜਪਾਲ ਨੇ ਗ੍ਰੈਜੂਏਟ ਹੋ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਇਸ ਮੌਕੇ ਨੂੰ ਉਨ੍ਹਾਂ ਦੀ ਮਿਹਨਤ ਅਤੇ ਪ੍ਰਾਪਤੀਆਂ ਦਾ ਜਸ਼ਨ ਕਰਾਰ ਦਿੱਤਾ। ਉਨ੍ਹਾਂ ਨੇ ਅਧਿਆਪਕਾਂ ਦੀ ਨਿਰਸਵਾਰਥ ਭੂਮਿਕਾ ਦੀ ਸਾਰਾਹਨਾ ਕਰਦਿਆਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਅਤੇ ਸਮਾਜ ਲਈ ਲਾਹੇਵੰਦ ਵਿਅਕਤੀਆਂ ਵਜੋਂ ਤਿਆਰ ਕਰਦੇ ਹਨ।

ਰਾਜਪਾਲ ਨੇ ਸੀਜੀਸੀ ਲਾਂਡਰਾਂ ਵੱਲੋਂ 15 ਗੋਦ ਲਏ ਪਿੰਡਾਂ ਦੇ ਵਿਕਾਸ, ਖੋਜ, ਨਵੀਨਤਾ, ਉੱਦਮਤਾ ਅਤੇ ਰਾਜ ਦੇ ਸਟਾਰਟਅੱਪ ਇਕੋਸਿਸਟਮ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸਿੱਖਿਆ ਵਿੱਚ ਚਰਿੱਤਰ ਨਿਰਮਾਣ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਐਨਈਪੀ-2020 ਨਾਲ ਜੁੜੀ ਹੁਨਰ ਵਿਕਾਸ ਆਧਾਰਿਤ ਸਿੱਖਿਆ ਦੇਸ਼ ਨੂੰ 2047 ਤੱਕ ਵਿਕਸਿਤ ਭਾਰਤ ਬਣਾਉਣ ਦੀ ਦਿਸ਼ਾ ਵਿੱਚ ਅਹੰਕਾਰਪੂਰਕ ਭੂਮਿਕਾ ਨਿਭਾ ਸਕਦੀ ਹੈ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਨਿਮਰਤਾ ਨੂੰ ਸਫ਼ਲਤਾ ਦੇ ਮੂਲ ਮੰਤ੍ਰ ਦੱਸਿਆ ਅਤੇ ਉਨ੍ਹਾਂ ਨੂੰ ਦੇਸ਼ ਦੇ ਭਵਿੱਖ ਦੇ ਨਿਰਮਾਤਾ ਕਰਾਰ ਦਿੱਤਾ। ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਮਹਿਲਾ ਮੈਰਿਟ ਤਮਗਾ ਜੇਤੂਆਂ ਦੀ ਹਾਜ਼ਰੀ ਨੂੰ ਉਨ੍ਹਾਂ ਨੇ ਨਾਰੀ ਸਸ਼ਕਤੀਕਰਨ ਦਾ ਉਤਸ਼ਾਹਜਨਕ ਸੰਕੇਤ ਦੱਸਿਆ।

ਅੰਤ ਵਿੱਚ ਰਾਜਪਾਲ ਨੇ ਵਿਦਿਆਰਥੀਆਂ ਨੂੰ ਮੌਕਿਆਂ ਦਾ ਪੂਰਾ ਲਾਭ ਉਠਾਉਣ, ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨ ਅਤੇ ਮਨੁੱਖਤਾ, ਨੈਤਿਕਤਾ ਤੇ ਕਦਰਾਂ-ਕੀਮਤਾਂ ਨਾਲ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਕਨਵੋਕੇਸ਼ਨ ਸਮਾਰੋਹ ਦਾ ਸਮਾਪਨ ਭਾਰਤੀ ਰਾਸ਼ਟਰੀ ਗੀਤ ਦੇ ਗੂੰਜਦੇ ਸੁਰਾਂ ਨਾਲ ਹੋਇਆ।

## ਨਿਊਜ਼ੀਲੈਂਡ ’ਚ ਸ਼ਰਾਰਤੀ ਅਨਸਰਾਂ ਨੇ ਨਗਰ ਕੀਰਤਨ ਦਾ ਰੋਕਿਆ ਰਾਹ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਆਕਲੈਂਡ: ਨਿਊਜ਼ੀਲੈਂਡ ਦੇ ਮੇਨੁਰੇਵਾ ਇਲਾਕੇ ਵਿਚ ਅੱਜ ਉਸ ਵੇਲੇ ਮਾਹੌਲ ਕਾਫੀ ਤਣਾਅਪੂਰਨ ਹੋ ਗਿਆ, ਜਦੋਂ ਗੁਰਦੁਆਰਾ ਨਾਨਕਸਰ ਠਾਠ ਈਸ਼ਰ ਦਰਬਾਰ ਵਲੋਂ ਸ਼ਹੀਦੀ ਪੰਦਰਵਾੜੇ ਨੂੰ ਸਮਰਪਤ ਸਜਾਏ ਗਏ ਨਗਰ ਕੀਰਤਨ ਦੇ ਰਸਤੇ ਵਿਚ ਕੁੱਝ ਸ਼ਰਾਰਤੀ ਅਨਸਰਾਂ ਨੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਸਰੋਤਾਂ ਅਨੁਸਾਰ ਪੋਹ ਦੇ ਮਹੀਨੇ ਦੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਇਹ ਵਿਸ਼ਾਲ ਨਗਰ ਕੀਰਤਨ ਮੇਨੁਰੇਵਾ ਦੀਆਂ ਸੜਕਾਂ ’ਤੇ ਸਜਾਇਆ ਗਿਆ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਸਿੱਖ ਸੰਗਤ ਨੇ ਸ਼ਰਧਾ ਨਾਲ ਹਿੱਸਾ ਲਿਆ। ਨਗਰ ਕੀਰਤਨ ਦੇ



ਸਾਰੇ ਪ੍ਰਬੰਧ ਬਹੁਤ ਸੁਚਾਰੂ ਸਨ ਅਤੇ ਇਹ ਨਿਰਵਿਘਨ ਅੱਗੇ ਵੱਧ ਰਿਹਾ ਸੀ ਪਰ ਜਦੋਂ ਨਗਰ ਕੀਰਤਨ ਵਾਪਸੀ ਦੇ ਰਸਤੇ ’ਤੇ ਸੀ ਤਾਂ ਗੁਰਦੁਆਰਾ ਸਾਹਿਬ ਤੋਂ ਕੁੱਝ ਦੂਰੀ ’ਤੇ ਗਰੇਟ ਸਾਊਥ ਰੋਡ ’ਤੇ 30 ਤੋਂ 35 ਨੌਜਵਾਨਾਂ ਦੇ ਇਕ ਸਮੂਹ ਨੇ ਰਸਤਾ ਰੋਕ ਲਿਆ।

ਇਨ੍ਹਾਂ ਨੌਜਵਾਨਾਂ ਨੇ ਨਾ ਸਿਰਫ ਨਗਰ ਕੀਰਤਨ ਦਾ ਰਸਤਾ ਰੋਕਿਆ ਬਲਕਿ ਹਾਕਾ ਨਾਚ ਕਰ ਕੇ ਅਤੇ ਨਫ਼ਰਤ ਭਰੇ ਸਲੋਗਨ ਦਿਖਾ ਕੇ ਨਗਰ ਕੀਰਤਨ ਦਾ ਸਖ਼ਤ ਵਿਰੋਧ ਕੀਤਾ। ਜਾਣਕਾਰੀ ਮੁਤਾਬਕ ਇਹ ਨੌਜਵਾਨ ਇਕ ਵਿਸ਼ੇਸ਼ ਭਾਈਚਾਰੇ ਨਾਲ ਸਬੰਧਤ ਹਨ ਜੋ ਪਿਛਲੇ ਕੁੱਝ ਸਮੇਂ ਤੋਂ ਨਿਊਜ਼ੀਲੈਂਡ ਵਿਚ ਹਰ ਧਰਮ ਅਤੇ ਹੋਰ ਵਰਗਾਂ ਦੇ ਲੋਕਾਂ ਦਾ ਵਿਰੋਧ ਕਰ ਰਹੇ ਹਨ। ਪ੍ਰਦਰਸ਼ਨਕਾਰੀ ਨੌਜਵਾਨਾਂ ਦਾ ਦਾਅਵਾ ਹੈ ਕਿ ਨਿਊਜ਼ੀਲੈਂਡ ਸਿਰਫ਼ ਉਨ੍ਹਾਂ ਦਾ ਹੈ। ਦਸਣਯੋਗ ਹੈ ਕਿ ਕੁੱਝ ਮਹੀਨੇ ਪਹਿਲਾਂ ਇਨ੍ਹਾਂ ਲੋਕਾਂ ਵਲੋਂ ਵੱਖ-ਵੱਖ ਧਰਮਾਂ ਦੇ ਝੰਡੇ ਸਾੜਨ ਦੀਆਂ ਘਟਨਾਵਾਂ ਨੂੰ ਵੀ ਅੰਜਾਮ ਦਿਤਾ ਗਿਆ ਸੀ।

ਜਾਣਕਾਰੀ ਮਿਲੀ ਹੈ ਕਿ ਲਗਾਤਾਰ ਪ੍ਰਦਰਸ਼ਨਕਾਰੀ ਨੌਜਵਾਨਾਂ ਦੇ ਉਕਸਾਵੇ ਦੇ ਬਾਵਜੂਦ ਨਗਰ ਕੀਰਤਨ ਦਾ ਸੰਚਾਲਨ ਕਰ ਰਹੇ ਸਿੱਖ ਨੌਜਵਾਨਾਂ ਨੇ ਬਹੁਤ ਸਹਿਨਸ਼ੀਲਤਾ ਦਿਖਾਈ ਅਤੇ ਕਿਸੇ ਵੀ ਟਕਰਾਅ ਤੋਂ ਬਚਣ ਲਈ ਨਗਰ ਕੀਰਤਨ ਨੂੰ ਮੌਕੇ ’ਤੇ ਹੀ ਰੋਕ ਦਿਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਫ਼ੋਰਸ ਮੌਕੇ ’ਤੇ ਪਹੁੰਚੀ ਅਤੇ ਸਥਿਤੀ ਨੂੰ ਸੰਭਾਲਿਆ। ਪੁਲਿਸ ਮੁਲਾਜ਼ਮਾਂ ਨੇ ਇਕ ਮਨੁੱਖੀ ਚੈਨ ਬਣਾਈ ਤਾਂ ਜੋ ਨਗਰ ਕੀਰਤਨ ਲਈ ਸੁਰੱਖਿਅਤ ਰਸਤਾ ਤਿਆਰ ਕੀਤਾ ਜਾ ਸਕੇ। ਪੁਲਿਸ ਦੀ ਇਸ ਕਾਰਵਾਈ ਸਦਕਾ ਨਗਰ ਕੀਰਤਨ ਬਿਨਾਂ ਕਿਸੇ ਹੋਰ ਵੱਡੀ ਅਣਸੁਖਾਵੀਂ ਘਟਨਾ ਦੇ ਸੁਰੱਖਿਅਤ ਢੰਗ ਨਾਲ ਗੁਰਦੁਆਰਾ ਸਾਹਿਬ ਵਾਪਸ ਪਹੁੰਚ ਗਿਆ।

## ਪਾਕਿਸਤਾਨ ਦੇ ਸਾਬਕਾ PM ਤੇ ਉਨ੍ਹਾਂ ਦੀ ਪਤਨੀ ਨੂੰ 17-17 ਸਾਲ ਦੀ ਸਜ਼ਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਕਾਨੂੰਨੀ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸ਼ਨੀਵਾਰ ਨੂੰ, ਇੱਕ ਜਵਾਬਦੇਹੀ ਅਦਾਲਤ ਨੇ ਬਹੁਤ ਮਸ਼ਹੂਰ ਤੋਸ਼ਾਖਾਨਾ-2 ਭ੍ਰਿਸ਼ਟਾਚਾਰ ਮਾਮਲੇ ਵਿੱਚ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 17-17 ਸਾਲ ਦੀ



ਕੈਦ ਦੀ ਸਜ਼ਾ ਸੁਣਾਈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਇਮਰਾਨ ਖਾਨ ਪਹਿਲਾਂ ਹੀ ਜੇਲ੍ਹ ਵਿੱਚ ਹਨ।

ਇਸ ਹਾਈ-ਪ੍ਰੋਫਾਈਲ ਮਾਮਲੇ ਦਾ ਫੈਸਲਾ ਰਾਵਲਪਿੰਡੀ ਦੀ ਉੱਚ-ਸੁਰੱਖਿਆ ਵਾਲੀ ਅਦਿਆਲਾ ਜੇਲ੍ਹ ਵਿਚ ਸੁਣਾਇਆ ਗਿਆ। ਵਿਸ਼ੇਸ਼ ਅਦਾਲਤ ਦੇ ਜੱਜ ਸ਼ਾਹਰੁਖ ਅਰਜੁਮੰਡ ਨੇ ਦੋਵਾਂ ਨੂੰ ਜੇਲ੍ਹ ਦੇ ਅੰਦਰ ਦੋਸ਼ੀ ਠਹਿਰਾਇਆ। ਸੁਰੱਖਿਆ ਕਾਰਨਾਂ ਕਰਕੇ, ਅਦਾਲਤ ਦੀ ਕਾਰਵਾਈ ਜੇਲ੍ਹ ਦੇ ਅੰਦਰ ਹੀ ਕੀਤੀ ਗਈ।

ਰਾਵਲਪਿੰਡੀ ਦੀ ਉੱਚ-ਸੁਰੱਖਿਆ ਵਾਲੀ ਅਦਿਆਲਾ ਜੇਲ੍ਹ ਵਿਚ ਵਿਸ਼ੇਸ਼ ਕੇਂਦਰੀ ਜੱਜ ਸ਼ਾਹਰੁਖ ਅਰਜੁਮੰਡ ਨੇ ਇਹ ਫੈਸਲਾ ਸੁਣਾਇਆ। ਅਦਾਲਤ ਨੇ ਇਮਰਾਨ ਖਾਨ ਅਤੇ ਬੁਸ਼ਰਾ ਬੀਬੀ ਨੂੰ ਪਾਕਿਸਤਾਨ ਦੰਡ ਵਿਧਾਨ ਦੀ ਧਾਰਾ 409 ਦੇ ਤਹਿਤ ਵੀ ਦੋਸ਼ੀ ਠਹਿਰਾਇਆ, ਉਨ੍ਹਾਂ ਨੂੰ 17-17 ਸਾਲ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ 1 ਕਰੋੜ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ।

## 328 ਪਾਵਨ ਸਰੂਪਾਂ ਦੇ ਮਾਮਲੇ ‘ਚ SGPC ਦੇ 16 ਸਾਬਕਾ ਮੁਲਾਜ਼ਮਾਂ ਨੂੰ ਝਟਕਾ, ਅਦਾਲਤ ਨੇ ਜ਼ਮਾਨਤਾਂ ਕੀਤੀਆਂ ਰੱਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ 20 ਦਸੰਬਰ 2025: ਕਥਿਤ ਤੌਰ ਤੇ ਗਾਇਬ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਨਾਮਜ਼ਦ SGPC ਦੇ 16 ਸਾਬਕਾ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੂੰ ਅਦਾਲਤ ਵੱਲੋਂ ਵੱਡਾ ਝਟਕਾ ਲੱਗਾ ਹੈ। ਅੰਮ੍ਰਿਤਸਰ ਦੀ ਅਦਾਲਤ ਨੇ ਇਨ੍ਹਾਂ ਸਾਰੀਆਂ ਜ਼ਮਾਨਤ ਅਰਜ਼ੀਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਖਾਰਜ ਕਰ ਦਿੱਤਾ ਹੈ।

ਸਾਲ 2020 ਵਿੱਚ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿੱਚੋਂ 328 ਪਾਵਨ ਸਰੂਪਾਂ ਦੇ ਘੱਟ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੰਜਾਬ ਪੁਲਿਸ ਵੱਲੋਂ ਪਿਛਲੇ ਦਿਨੀਂ 16 ਸਾਬਕਾ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੇ ਖ਼ਿਲਾਫ਼ FIR ਦਰਜ ਕੀਤੀ ਗਈ ਸੀ। ਇਸ ਕੇਸ ਵਿੱਚ ਉਹ ਅਧਿਕਾਰੀ ਅਤੇ ਮੁਲਾਜ਼ਮ ਸ਼ਾਮਲ ਹਨ ਜੋ ਉਸ ਸਮੇਂ ਪਬਲੀਕੇਸ਼ਨ ਵਿਭਾਗ ਅਤੇ ਰਿਕਾਰਡ ਰੱਖਣ ਦੀ ਜ਼ਿੰਮੇਵਾਰੀ ਸੰਭਾਲ ਰਹੇ ਸਨ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇਸ ਮਾਮਲੇ ‘ਤੇ ਆਪਣਾ



ਇਤਰਾਜ਼ ਜਤਾਇਆ ਸੀ।

ਸ਼੍ਰੋਮਣੀ ਕਮੇਟੀ ਇਸ ਨੂੰ ਸਿੱਖ ਸੰਸਥਾ ਦੇ ਅੰਦਰੂਨੀ ਮਾਮਲਿਆਂ ਵਿੱਚ ਸਰਕਾਰੀ ਦਖਲਅੰਦਾਜ਼ੀ ਮੰਨਦੀ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਿਸੇ ਹੋਰ ਦੇ ਮਹਿਲ ਵਿੱਚ ਦਾਖਲ ਹੋਣਾ ਮੂਰਖਤਾ ਹੈ; ਆਪਣੀ ਰੱਖਿਆ ਕਰੋ।

ਜਨਤਾ, 22 ਜਨਵਰੀ, 1949

16 ਜਨਵਰੀ, 1949 ਨੂੰ, ਡਾ. ਬਾਬਾ ਸਾਹਿਬ ਅੰਬੇਡਕਰ ਅਤੇ ਉਨ੍ਹਾਂ ਦੇ ਸ਼ਰਧਾਲੂ, ਮਾਈ ਸਾਹਿਬ ਅੰਬੇਡਕਰ ਦੇ ਸਵਾਗਤ ਲਈ ਇੱਕ ਜਨਤਕ ਮੀਟਿੰਗ ਕੀਤੀ ਗਈ।

ਮੀਟਿੰਗ ਦੇ ਅਚਾਨਕ ਹੋਣ ਕਾਰਨ, ਬਹੁਤ ਸਾਰੇ ਲੋਕਾਂ ਨੂੰ



ਦੇਰ ਨਾਲ ਜਾਣਕਾਰੀ ਮਿਲੀ। ਇਸ ਦੇ ਬਾਵਜੂਦ, ਔਰੰਗਾਬਾਦ, ਅਹਿਮਦਨਗਰ, ਨਾਸਿਕ ਅਤੇ ਮੁੰਬਈ ਤੋਂ ਹਜ਼ਾਰਾਂ ਲੋਕ ਸ਼ਾਮਲ ਹੋਏ। ਸ਼ਨੀਵਾਰ ਦੁਪਹਿਰ ਤੋਂ ਹੀ, ਹਰ ਰੇਲਗੱਡੀ ਲੋਕਾਂ ਨਾਲ ਭਰੀ ਹੋਈ ਪਹੁੰਚ ਰਹੀ ਸੀ। ਸਟੇਸ਼ਨ ਅਤੇ ਸਰਾਏ ਦੇ ਵਿਹੜੇ ਵਿੱਚ ਅਛੂਤਾਂ ਦੀ ਇੱਕ ਵੱਡੀ ਭੀੜ ਇਕੱਠੀ ਹੋ ਗਈ। ਇਸ ਕਾਰਨ, ਮੀਟਿੰਗ ਇੱਕ ਵੱਡੇ ਮੇਲੇ ਦਾ ਰੂਪ ਧਾਰਨ ਕਰ ਗਈ। ਜਿਵੇਂ ਹੀ ਹਰ ਰੇਲਗੱਡੀ ਪਹੁੰਚੀ, ਸਾਰਾ ਮਾਹੌਲ "ਜੈ ਭੀਮ" ਦੇ ਨਾਅਰੇ ਨਾਲ ਗੂੰਜ ਉੱਠਿਆ। ਸਾਰਿਆਂ ਨੇ "ਜੈ ਭੀਮ" ਸਲੂਟ ਨਾਲ ਇੱਕ ਦੂਜੇ ਦਾ ਸਵਾਗਤ ਕੀਤਾ। ਪੂਰੇ ਮਨਮਾਡ ਵਿੱਚ, ਲੋਕ ਆਪਣੀਆਂ ਛਾਤੀਆਂ 'ਤੇ ਡਾ. ਬਾਬਾ ਸਾਹਿਬ ਦੀ ਫੋਟੋ ਲੈ ਕੇ ਘੁੰਮ ਰਹੇ ਸਨ।

ਐਤਵਾਰ ਨੂੰ, ਠੀਕ 11 ਵਜੇ, ਪੰਜਾਬ ਮੇਲ ਸਟੇਸ਼ਨ 'ਤੇ ਪਹੁੰਚੀ, ਅਤੇ 'ਡਾ. ਸਾਰਾ ਮਨਮਾੜ ਖੇਤਰ "ਜੈ ਬਾਬਾ ਸਾਹਿਬ ਅੰਬੇਡਕਰ," "ਜੈ ਭੀਮ ਕਹੋ," "ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੀ ਜਿੱਤ," "ਤਰੁਣ ਪਾਰਟੀ ਜ਼ਿੰਦਾਬਾਦ, ਭੀਮਰਾਜ ਕੁਝ ਦਿਨਾਂ ਵਿੱਚ," ਅਤੇ ਹੋਰ ਬਹੁਤ ਸਾਰੇ ਨਾਅਰਿਆਂ ਨਾਲ ਗੂੰਜ ਉੱਠਿਆ। ਡਾ. ਬਾਬਾ ਸਾਹਿਬ ਦੇ ਸੈਲੂਨ ਡੱਬੇ ਦੇ ਆਲੇ-ਦੁਆਲੇ ਮਰਦਾਂ ਅਤੇ ਔਰਤਾਂ ਦੀ ਭੀੜ ਇਕੱਠੀ ਹੋਣ ਲੱਗੀ, ਉਨ੍ਹਾਂ ਨੂੰ ਦੇਖਣ ਲਈ ਉਤਸੁਕ ਸਨ। ਭੀੜ ਇੰਨੀ ਜ਼ਿਆਦਾ ਸੀ ਕਿ ਡਾ. ਬਾਬਾ ਸਾਹਿਬ ਬਾਹਰ ਨਹੀਂ ਆ ਸਕੇ। ਅੰਤ ਵਿੱਚ, ਇਹ ਯਕੀਨੀ ਬਣਾਉਣ ਲਈ ਕਿ ਸਾਰਿਆਂ ਨੂੰ ਇੱਕ ਝਲਕ ਮਿਲੇ, ਸੈਲੂਨ ਦੇ ਦੋਵੇਂ ਪਾਸੇ ਦੀਆਂ ਖਿੜਕੀਆਂ ਖੋਲ੍ਹ ਦਿੱਤੀਆਂ ਗਈਆਂ। ਹਜ਼ਾਰਾਂ, ਸਿਰਫ਼ ਇੱਕ ਝਲਕ ਲਈ ਭੁੱਖੇ, ਜਿੱਥੋਂ ਵੀ ਉਹ ਦੇਖ ਸਕਦੇ ਸਨ, ਉਨ੍ਹਾਂ ਨੂੰ ਦੇਖ ਕੇ ਧੰਨ ਮਹਿਸੂਸ ਕਰ ਰਹੇ ਸਨ। ਅਛੂਤ ਆਪਣੇ ਨੇਤਾ ਲਈ ਅਛੂਤਾਂ ਦੇ ਅਥਾਹ ਪਿਆਰ ਨੂੰ ਦੇਖ ਕੇ ਹੈਰਾਨ ਸਨ। ਉਨ੍ਹਾਂ ਵਿੱਚੋਂ ਇੱਕ ਨੇ ਮੈਨੂੰ ਇਹ ਵੀ ਦੱਸਿਆ ਕਿ ਪੂਰੇ ਭਾਰਤ ਵਿੱਚ ਕੋਈ ਵੀ ਅਜਿਹਾ ਨਹੀਂ ਸੀ ਜੋ ਆਪਣੇ ਨੇਤਾ ਨੂੰ ਅਛੂਤ ਭਾਈਚਾਰੇ ਅਤੇ ਉਨ੍ਹਾਂ ਦੇ ਨੇਤਾ, ਡਾ. ਬਾਬਾ ਸਾਹਿਬ ਅੰਬੇਡਕਰ ਵਾਂਗ ਪਿਆਰ ਕਰਦਾ ਹੋਵੇ। ਭਾਰਤ ਦੇ ਬਾਕੀ ਸਾਰੇ ਨੇਤਾ ਜ਼ਰੂਰ ਡਾ. ਬਾਬਾ ਸਾਹਿਬ ਤੋਂ ਈਰਖਾ ਕਰਦੇ ਹੋਣੇ ਚਾਹੀਦੇ ਹਨ। ਹਾਲ ਨੂੰ ਰੰਗ-ਬਿਰੰਗੇ ਝੰਡਿਆਂ ਨਾਲ ਸਜਾਇਆ ਗਿਆ ਸੀ। ਦੋ ਪ੍ਰਵੇਸ਼ ਦੁਆਰ "ਆਯੁਸ਼ਿਆਮਤੀ ਸਵਿਤਾ ਦੇਵੀ ਗੇਟ" ਅਤੇ "ਮਾਤੋਸ਼੍ਰੀ ਰਮਾਬਾਈ ਗੇਟ" ਵਜੋਂ ਮਨੋਨੀਤ ਕੀਤੇ ਗਏ ਸਨ। ਮੰਡਪ ਦੇ ਸਾਹਮਣੇ ਦੇ ਵਿਚਕਾਰ ਗੌਤਮ ਬੁੱਧ ਦੀ ਇੱਕ ਮੂਰਤੀ ਰੱਖੀ ਗਈ ਸੀ। "ਬੁੱਧਮ ਸ਼ਰਨਮ ਗਛਮੀ" ਸ਼ਬਦਾਂ ਵਾਲੇ ਝੰਡੇ ਵੀ ਪ੍ਰਦਰਸ਼ਿਤ ਕੀਤੇ ਗਏ ਸਨ।

ਸ਼ੁਰੂ ਵਿੱਚ, ਮੁੰਬਈ ਪ੍ਰਾਂਤ ਦੇ ਪ੍ਰਧਾਨ ਭੌਰਾਓ ਗਾਇਕਵਾੜ ਨੇ ਡਾ. ਬਾਬਾ ਸਾਹਿਬ ਅੰਬੇਡਕਰ ਅਤੇ ਸ੍ਰੀਮਤੀ ਸਵਿਤਾਬਾਈ ਅੰਬੇਡਕਰ ਦੇ ਸਵਾਗਤ ਲਈ ਇੱਕ ਮੀਟਿੰਗ ਬੁਲਾਉਣ ਅਤੇ ਮੁੰਬਈ ਬਿਲਡਿੰਗ ਫੰਡ ਵਿੱਚ ਇੱਕ ਪਰਸ ਦਾਨ ਕਰਨ ਬਾਰੇ ਗੱਲ ਕੀਤੀ। ਇਸ ਤੋਂ ਬਾਅਦ ਵੱਖ-ਵੱਖ ਸੰਗਠਨਾਂ ਨੇ ਡਾ. ਬਾਬਾ ਸਾਹਿਬ ਅਤੇ ਸ੍ਰੀਮਤੀ ਸਵਿਤਾਬਾਈ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ।

ਸਭ ਤੋਂ ਪਹਿਲਾਂ, ਮੁੰਬਈ ਪ੍ਰਾਂਤ ਦਲਿਤ ਫੈਡਰੇਸ਼ਨ ਦੀ ਸਕੱਤਰ ਆਯੁਸ਼ਿਆਮਤੀ ਗੀਤਾਬਾਈ ਗਾਇਕਵਾੜ, ਸ੍ਰੀਮਤੀ ਸ਼ਾਂਤਾਬਾਈ ਦਾਨੀ ਅਤੇ ਆਲ ਇੰਡੀਆ ਦਲਿਤ ਫੈਡਰੇਸ਼ਨ ਦੇ ਜਨਰਲ ਸਕੱਤਰ ਬਾਪੂਸਾਹਿਬ ਰਾਜਭੋਜ ਦੁਆਰਾ ਭਾਸ਼ਣ ਦਿੱਤੇ ਗਏ। ਇਸ ਤੋਂ ਬਾਅਦ ਡਾ. ਬਾਬਾ ਸਾਹਿਬ ਦੁਆਰਾ ਅੱਧੇ ਘੰਟੇ ਲਈ ਇੱਕ ਸੁਰੀਲਾ ਅਤੇ ਆਸ਼ਾਵਾਦੀ ਭਾਸ਼ਣ ਦਿੱਤਾ ਗਿਆ। ਉਸਨੇ ਕਿਹਾ, "ਮੇਰੇ ਦੋਸਤ ਭੌਰਾਓ ਗਾਇਕਵਾੜ, ਜਿਵੇਂ ਕਿ ਉਸਦੀ ਆਦਤ ਹੈ, ਨੇ ਮੈਨੂੰ ਪੁੱਛਿਆ ਕਿ ਕੀ ਮੈਨੂੰ ਮੀਟਿੰਗ ਕਰਨ 'ਤੇ ਕੋਈ ਇਤਰਾਜ਼ ਹੈ। ਮੈਂ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਸਹਿਮਤ ਹੋ ਗਿਆ।

ਮੈਨੂੰ ਦੱਸਿਆ ਗਿਆ ਕਿ ਚਾਰ ਹਜ਼ਾਰ ਰੁਪਏ ਦਾ ਇੱਕ ਬੈਗ ਮੁੰਬਈ ਬਿਲਡਿੰਗ ਫੰਡ ਵਿੱਚ ਦਾਨ ਕੀਤਾ ਜਾਵੇਗਾ। ਮੈਨੂੰ ਚਾਰ ਹਜ਼ਾਰ ਰੁਪਏ ਦੀ ਪੇਸ਼ਕਸ਼ ਕੀਤੀ ਗਈ। (ਉੱਚੀ ਹਾਸੀ।) ਉਮੀਦ ਹੈ, ਮੀਟਿੰਗ ਦੇ ਅੰਤ ਤੱਕ ਇਹ ਖੁਲਾਸਾ ਹੋ ਜਾਵੇਗਾ।"

"ਪਿਛਲੇ ਕੁਝ ਦਿਨਾਂ ਤੋਂ, ਮੈਂ ਰਾਜਨੀਤੀ ਬਾਰੇ ਗੱਲ ਨਹੀਂ ਕੀਤੀ ਹੈ; ਮੈਂ ਪੂਰੀ ਤਰ੍ਹਾਂ ਚੁੱਪ ਰਿਹਾ ਹਾਂ। ਕਿਉਂਕਿ ਮੈਂ ਇਨ੍ਹਾਂ ਦਿਨਾਂ ਵਿੱਚ ਰਾਜਨੀਤਿਕ ਉਲਝਣ ਵਿੱਚ ਹਾਂ। ਮੈਨੂੰ ਕੋਈ ਸ਼ੱਕ ਨਹੀਂ ਹੈ ਕਿ ਅਛੂਤ ਭਾਈਚਾਰਾ ਕਿਸੇ ਵੀ ਹੋਰ ਭਾਈਚਾਰੇ ਨਾਲੋਂ ਰਾਜਨੀਤਿਕ ਤੌਰ 'ਤੇ ਵਧੇਰੇ ਸਮਝਦਾਰ ਹੈ। (ਤਾੜੀਆਂ ਦੀ ਗੜਗੜਾਹਟ।)" ਕਿਸੇ ਵੀ ਭਾਈਚਾਰੇ ਦੀ ਤਰੱਕੀ ਇਸਦੇ ਵਿਦਿਅਕ ਵਿਕਾਸ 'ਤੇ ਨਿਰਭਰ ਕਰਦੀ ਹੈ। ਰਾਜਨੀਤਿਕ ਸਫਲਤਾ ਪ੍ਰਾਪਤ ਕਰਨ ਲਈ, ਜਿਵੇਂ ਕਿ ਮੈਂ ਹਮੇਸ਼ਾ ਕਿਹਾ ਹੈ, ਸਾਡੇ ਭਾਈਚਾਰੇ ਨੂੰ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋਣਾ ਚਾਹੀਦਾ ਹੈ।

ਡਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਸਾਨੂੰ ਰਾਖਵੀਆਂ ਸੀਟਾਂ ਨਹੀਂ ਮਿਲੀਆਂ ਹਨ। ਸਾਡੀ ਆਬਾਦੀ ਸੱਤ ਕਰੋੜ ਹੈ। ਜੇਕਰ ਅਸੀਂ ਇਕਜੁੱਟ ਰਹਾਂਗੇ ਤਾਂ ਹੀ ਸਾਡੀ ਪਾਰਟੀ ਮਜ਼ਬੂਤ ਹੋਵੇਗੀ। ਇੱਕ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ: ਅਨੁਸੂਚਿਤ ਜਾਤੀ ਸੰਘ ਸਾਡਾ ਰਾਜਨੀਤਿਕ ਸੰਗਠਨ ਹੈ। ਸਾਨੂੰ ਉਨ੍ਹਾਂ ਨਾਲ ਇਕਜੁੱਟ ਰਹਿਣਾ ਚਾਹੀਦਾ ਹੈ। (ਤਾੜੀਆਂ ਦੀ ਗੜਗੜਾਹਟ ਅਤੇ ਜੈਕਾਰੇ)। ਅਸੀਂ ਘੱਟ ਗਿਣਤੀ ਹੋ ਸਕਦੇ ਹਾਂ, ਪਰ ਅਸੀਂ ਸੰਘਰਸ਼ ਵਿੱਚ ਆਪਣੀ ਜਾਨ ਜੋਖਮ ਵਿੱਚ ਪਾਵਾਂਗੇ। ਸਾਨੂੰ ਡਰਨ ਦਾ ਕੋਈ ਕਾਰਨ ਨਹੀਂ ਹੈ। (ਤਾੜੀਆਂ ਦੀ ਗੜਗੜਾਹਟ)

ਦੂਜਾ, ਸਾਨੂੰ ਕਈ ਵਾਰ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਬਣਾਉਣਾ ਪਵੇਗਾ। ਜੋ ਪਾਰਟੀ ਸਾਡੀ ਭਲਾਈ ਲਈ ਕੰਮ ਕਰਦੀ ਹੈ ਉਹ ਸਾਡੀ ਸਭ ਤੋਂ ਨਜ਼ਦੀਕੀ ਸਹਿਯੋਗੀ ਹੋਵੇਗੀ। ਉਸ ਪਾਰਟੀ ਨਾਲ ਗੱਠਜੋੜ ਬਣਾਉਣ ਵਿੱਚ ਕੋਈ ਨੁਕਸਾਨ ਨਹੀਂ ਹੈ ਜਿਸ ਦੇ ਪ੍ਰੋਗਰਾਮ ਸਾਡੇ ਪ੍ਰੋਗਰਾਮਾਂ ਨਾਲ ਸਭ ਤੋਂ ਵੱਧ ਮਿਲਦੇ-ਜੁਲਦੇ ਹਨ, ਭਾਵੇਂ ਉਹ ਪਾਰਟੀ ਕਾਂਗਰਸ ਹੋਵੇ, ਸਮਾਜਵਾਦੀ ਪਾਰਟੀ ਹੋਵੇ, ਜਾਂ ਬਹੁਜਨ ਸਮਾਜ ਪਾਰਟੀ ਹੋਵੇ।

ਵਿਅਕਤੀਗਤ ਪੱਧਰ 'ਤੇ ਕੰਮ ਕਰਨ ਤੋਂ ਵੱਡੀ ਮੂਰਖਤਾ ਹੋਰ ਕੋਈ ਨਹੀਂ ਹੈ। ਮੈਂ ਤੁਹਾਨੂੰ ਇੱਕ ਮਹੱਤਵਪੂਰਨ ਗੱਲ ਦੱਸਣਾ ਚਾਹੁੰਦਾ ਹਾਂ। ਇੱਕ ਸੰਗਠਨ ਨੂੰ ਤੋੜਨਾ ਅਤੇ ਕੁਝ ਲੋਕਾਂ ਨੂੰ ਇੱਕ ਵੱਖਰੇ ਸੰਗਠਨ ਵਿੱਚ ਸ਼ਾਮਲ ਕਰਨਾ ਖੁਦਕੁਸ਼ੀ ਦੇ ਬਰਾਬਰ ਹੈ। ਤੁਸੀਂ ਜਾਣਦੇ ਹੋ ਕਿ ਸਾਨੂੰ ਸਮੂਹਾਂ ਵਿੱਚ ਰਹਿਣਾ ਚਾਹੀਦਾ ਹੈ। ਆਪਣਾ ਘਰ ਤੋੜਨਾ ਅਤੇ ਕਿਸੇ ਹੋਰ ਦੇ ਘਰ ਵਿੱਚ ਵੜਨਾ ਮੂਰਖਤਾ ਹੈ। ਆਪਣੀ ਝੌਂਪੜੀ ਨੂੰ ਸੁਰੱਖਿਅਤ ਰੱਖੋ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਸਾਡਾ ਵੀ ਉਹੀ ਹਾਲ ਹੋਵੇਗਾ ਜੋ ਗੈਰ-ਬ੍ਰਾਹਮਣ ਪਾਰਟੀ ਦਾ ਹੁੰਦਾ ਹੈ। ਹਰ ਕੋਈ ਗੈਰ-ਬ੍ਰਾਹਮਣ ਪਾਰਟੀ ਦੀ ਦੁਰਦਸ਼ਾ ਨੂੰ ਜਾਣਦਾ ਹੈ। 1932 ਤੱਕ, ਅਸੀਂ ਇਕੱਠੇ ਕੰਮ ਕੀਤਾ। ਫਿਰ, ਕੁਝ ਗੈਰ-ਬ੍ਰਾਹਮਣ ਨੇਤਾਵਾਂ ਨੂੰ ਅਹਿਸਾਸ ਹੋਇਆ ਕਿ ਕਾਂਗਰਸ ਤੋਂ ਦੂਰ ਰਹਿਣਾ ਵਿਅਰਥ ਹੈ। ਕਾਂਗਰਸ ਵਿੱਚ ਸ਼ਾਮਲ ਹੋ ਕੇ, ਉਨ੍ਹਾਂ ਦਾ ਗੜ੍ਹ ਅੰਦਰੋਂ ਤਬਾਹ ਹੋ ਸਕਦਾ ਹੈ। ਇਸ ਕਿਲ੍ਹੇ ਨੂੰ ਬਾਹਰੋਂ ਨਹੀਂ ਤੋੜਿਆ ਜਾ ਸਕਦਾ। ਇਸ ਸੋਚ ਨੂੰ ਧਿਆਨ ਵਿੱਚ ਰੱਖਦੇ ਹੋਏ, ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਮੈਂ ਉਨ੍ਹਾਂ ਨੂੰ ਕਈ ਵਾਰ ਚੇਤਾਵਨੀ ਦਿੱਤੀ, ਪਰ ਉਨ੍ਹਾਂ ਨੇ ਨਹੀਂ ਸੁਣੀ। ਪਰ ਅੱਜ, ਗੈਰ-ਬ੍ਰਾਹਮਣ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਇੱਕ ਭਿਆਨਕ ਗਲਤੀ ਕੀਤੀ ਹੈ। ਅੱਜ, ਗੈਰ-ਬ੍ਰਾਹਮਣ ਪਾਰਟੀ ਅਲੋਪ ਹੋ ਗਈ ਹੈ। ਮੈਨੂੰ ਸ਼ੱਕ ਹੈ ਕਿ ਉਹ ਕਿੰਨੀ ਦੇਰ ਤੱਕ ਆਪਣੀ ਝੌਂਪੜੀ ਨੂੰ ਬਣਾਈ ਰੱਖ ਸਕਣਗੇ। ਮੈਨੂੰ ਆਪਣਾ ਘਰ ਤੋੜ ਕੇ ਸਮਝੌਤਾ ਕਰਨਾ ਪਸੰਦ ਨਹੀਂ ਹੈ। ਅਸੀਂ ਆਪਣੇ ਘਰ ਦੀ ਕੀਮਤ 'ਤੇ ਕੁਝ ਨਹੀਂ ਕਰਾਂਗੇ।

ਪਹਿਲਾਂ, ਮੇਰੇ 'ਤੇ ਦੇਸ਼ ਨੂੰ ਬੁਰਾ ਬੋਲਣ ਦਾ ਦੋਸ਼ ਲਗਾਇਆ ਗਿਆ ਸੀ। ਪਰ ਹੁਣ ਉਨ੍ਹਾਂ ਦੋਸ਼ਾਂ ਦੀ ਝੂਠੀ ਗੱਲ ਸਾਰਿਆਂ ਨੂੰ ਸਪੱਸ਼ਟ ਹੈ। ਸਾਡੀ ਪਾਰਟੀ ਕਦੇ ਵੀ ਦੇਸ਼ ਦੇ ਵਿਰੁੱਧ ਨਹੀਂ ਸੀ। ਸਾਡੀ ਪਾਰਟੀ ਨੇ ਕਦੇ ਵੀ ਦੇਸ਼ ਨਾਲ ਧੋਖਾ ਨਹੀਂ ਕੀਤਾ। ਇਹ ਸਾਡੇ ਵਿਰੁੱਧ ਇੱਕ ਸਾਜ਼ਿਸ਼ ਸੀ। ਜੇਕਰ ਸਾਡੀ ਪਾਰਟੀ ਮੁਕਾਬਲੇ ਵਿੱਚ ਉਤਰਦੀ ਹੈ, ਤਾਂ ਕੋਈ ਵੀ ਇਸ ਨੂੰ ਹਰਾ ਨਹੀਂ ਸਕਦਾ। ਅਸੀਂ ਹਮੇਸ਼ਾ ਅੱਗੇ ਰਹਾਂਗੇ। (ਤਾੜੀਆਂ।)

ਸਿਰਫ਼ ਅਸੀਂ ਸੱਚਾ ਸਮਾਜਵਾਦ ਸਥਾਪਤ ਕਰ ਸਕਦੇ ਹਾਂ। ਸਿਰਫ਼ ਅਸੀਂ ਕਿਸਾਨਾਂ ਅਤੇ ਮਜ਼ਦੂਰਾਂ ਦਾ ਰਾਜ ਸਥਾਪਤ ਕਰ ਸਕਦੇ ਹਾਂ। ਕਿਉਂਕਿ ਸਾਡੇ ਵਿੱਚੋਂ ਕੋਈ ਵੀ ਅਮੀਰ ਨਹੀਂ ਹੈ, ਨਾ ਹੀ ਕੋਈ ਮੱਧ ਵਰਗ ਹੈ। ਅਸੀਂ ਸਾਰੇ ਮਿਹਨਤਕਸ਼ ਮਜ਼ਦੂਰ ਅਤੇ ਗਰੀਬ ਹਾਂ। ਸਿਰਫ਼ ਅਸੀਂ ਹੀ ਲੋਕਤੰਤਰ ਬਣਾ ਸਕਦੇ ਹਾਂ। ਇੰਨਾ ਹੀ ਨਹੀਂ, ਕਮਿਊਨਿਸਟਾਂ ਦਾ ਕਮਿਊਨਿਜ਼ਮ ਵੀ ਰਾਜਨੀਤੀ ਵਿੱਚ ਸਾਡੇ ਤੋਂ ਪਿੱਛੇ ਹੈ। ਸਿਧਾਂਤਕ ਤੌਰ 'ਤੇ, ਸਾਡੀ ਪਾਰਟੀ ਦੇ ਕਦੇ ਪਿੱਛੇ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਪਾਰਟੀਆਂ ਰਹੀਆਂ ਹਨ, ਅਤੇ ਉਹ ਸਾਰੀਆਂ ਸਾਡੇ ਨਾਲ ਈਰਖਾ ਕਰਦੀਆਂ ਹਨ। ਕਾਂਗਰਸ ਨੂੰ ਛੱਡ ਕੇ, ਭਾਰਤ ਵਿੱਚ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਵਰਗੀ ਕੋਈ ਹੋਰ ਪਾਰਟੀ ਨਹੀਂ ਹੈ। ਸਾਰਿਆਂ ਦਾ ਧਿਆਨ ਸਾਡੀ ਪਾਰਟੀ 'ਤੇ ਕੇਂਦਰਿਤ ਹੈ। ਸਾਡੀ ਪਾਰਟੀ ਗੁੜ ਦੇ ਢੇਰ ਵਾਂਗ ਹੈ, ਅਤੇ ਹੋਰ ਪਾਰਟੀਆਂ ਕੀੜੀਆਂ ਵਾਂਗ ਹਨ। ਇਹ ਦੂਜੀਆਂ ਪਾਰਟੀਆਂ ਸਮਰਥਨ ਪ੍ਰਾਪਤ ਕਰਨ ਲਈ ਕੀੜੀਆਂ ਵਾਂਗ ਸਾਡੇ ਨਾਲ ਚਿਪਕਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਲਈ, ਸਾਨੂੰ ਉਨ੍ਹਾਂ ਵਿਰੁੱਧ ਬਹੁਤ ਚੌਕਸ ਰਹਿਣਾ ਚਾਹੀਦਾ ਹੈ।

ਸਾਡੇ ਲੋਕਾਂ ਦਾ ਨੈਤਿਕਤਾ ਸਾਫ਼ ਹੋਣਾ ਚਾਹੀਦਾ ਹੈ। ਅਛੂਤਾਂ ਦਾ ਭਵਿੱਖ ਬਹੁਤ ਉੱਜਵਲ ਹੈ। ਇਸ ਵਿੱਚ ਵਿਸ਼ਵਾਸ ਰੱਖੋ। ਕਾਂਗਰਸ ਦਾ ਦਾਅਵਾ ਹੈ ਕਿ ਇਸਨੇ ਵਿਦੇਸ਼ੀ ਸ਼ਕਤੀ ਨੂੰ ਬਾਹਰ ਕੱਢ ਕੇ ਇੱਕ ਕ੍ਰਾਂਤੀ ਲਿਆਂਦੀ ਹੈ। ਅਸੀਂ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਪਰ ਇਹ ਕ੍ਰਾਂਤੀ ਅਧੂਰੀ ਹੈ। ਜੇਕਰ ਸੱਚਾ ਲੋਕਤੰਤਰ ਬਣਾਉਣਾ ਹੈ, ਤਾਂ ਉੱਚ ਵਰਗ, ਜੋ ਹਜ਼ਾਰਾਂ ਸਾਲਾਂ ਤੋਂ ਸਮਾਜ 'ਤੇ ਹਾਵੀ ਰਿਹਾ ਹੈ, ਨੂੰ ਹੇਠਾਂ ਆਉਣਾ ਚਾਹੀਦਾ ਹੈ ਅਤੇ ਸਮਾਜ ਦੇ ਦਲਿਤਾਂ ਨੂੰ ਉੱਚੇ ਅਹੁਦੇ 'ਤੇ ਪਹੁੰਚਣਾ ਚਾਹੀਦਾ ਹੈ। ਇਸ ਤੋਂ ਬਿਨਾਂ, ਇੱਕ ਸੱਚਾ ਇਨਕਲਾਬ ਅਸੰਭਵ ਹੈ। (ਤਾੜੀਆਂ।) ਇਨਕਲਾਬ ਦਾ ਪਹੀਆ ਹੁਣ ਤੱਕ ਅੱਧਾ ਹੀ ਘੁੰਮਿਆ ਹੈ। ਜਦੋਂ ਤੱਕ ਇਹ ਪਹੀਆ, ਆਪਣੀ ਧੁਰੀ ਸਮੇਤ, ਪੂਰੀ ਤਰ੍ਹਾਂ ਨਹੀਂ ਘੁੰਮਦਾ, ਜੋ ਕੁਝ ਵੀ ਵਾਪਰਦਾ ਹੈ ਉਹ ਸੱਚਮੁੱਚ ਇਨਕਲਾਬੀ ਨਹੀਂ ਹੋਵੇਗਾ। ਅਤੇ ਅਸੀਂ ਉਸ ਪਹੀਏ ਨੂੰ ਮੋੜਾਂਗੇ।

ਇਸ ਵੇਲੇ, ਮੈਂ ਰਾਜਨੀਤੀ ਨਾਲ ਬੱਝਿਆ ਹੋਇਆ ਹਾਂ। ਇਹ ਬੰਧਨ 1950 ਜਾਂ ਉਸ ਤੋਂ ਪਹਿਲਾਂ ਟੁੱਟ ਜਾਵੇਗਾ। ਚੋਣਾਂ ਨੇੜੇ ਹਨ। ਮੈਂ ਤੁਹਾਨੂੰ ਉਸ ਸਮੇਂ ਸਭ ਕੁਝ ਦੱਸਾਂਗਾ। ਮੈਂ ਆਪਣੇ ਭਾਈਚਾਰੇ ਲਈ ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦਾ ਪ੍ਰਬੰਧ ਕੀਤਾ ਹੈ। ਪਰ ਮੈਨੂੰ ਉਨ੍ਹਾਂ ਰਾਖਵੇਂ ਅਹੁਦਿਆਂ ਲਈ ਢੁਕਵੇਂ ਉਮੀਦਵਾਰ ਨਹੀਂ ਮਿਲ ਰਹੇ। ਮੈਨੂੰ ਮਿਲੇ ਰਾਜਨੀਤਿਕ ਅਧਿਕਾਰਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਉੱਥੋਂ ਦੇ ਅਧਿਕਾਰੀ ਉੱਚ ਜਾਤੀਆਂ ਦੇ ਹਨ। ਇਸ ਲਈ, ਸਾਨੂੰ ਸੱਤਾ ਦੇ ਉਨ੍ਹਾਂ ਅਹੁਦਿਆਂ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਚਾਹੀਦਾ ਹੈ।

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ



ਵਿਦਿਅਕ ਸੰਸਥਾਵਾਂ ਰਾਜਨੀਤੀ ਜਿੰਨੀਆਂ ਹੀ ਮਹੱਤਵਪੂਰਨ ਹਨ। ਸਮਾਜ ਦੀ ਤਰੱਕੀ ਬੁੱਧੀਮਾਨ, ਸਮਰੱਥ ਅਤੇ ਉਤਸ਼ਾਹੀ ਨੌਜਵਾਨਾਂ ਦੇ ਹੱਥਾਂ ਵਿੱਚ ਹੈ। ਇਸ ਦਿਸ਼ਾ ਵਿੱਚ ਸੋਚਦੇ ਹੋਏ, ਪਿਛਲੇ ਕੁਝ ਸਾਲਾਂ ਤੋਂ, ਮੈਂ ਰਾਜਨੀਤੀ 'ਤੇ ਘੱਟ ਅਤੇ ਵਿਦਿਅਕ ਸੰਸਥਾਵਾਂ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰ ਰਿਹਾ ਹਾਂ। ਮੈਂ ਮੁੰਬਈ ਵਿੱਚ ਸਿਧਾਰਥ ਕਾਲਜ ਸ਼ੁਰੂ ਕੀਤਾ ਹੈ। ਵਰਤਮਾਨ ਵਿੱਚ, ਸਿਧਾਰਥ ਕਾਲਜ ਵਿੱਚ 2,400 ਵਿਦਿਆਰਥੀ ਪੜ੍ਹਦੇ ਹਨ, ਜਿਨ੍ਹਾਂ ਵਿੱਚੋਂ 160 ਸਾਡੇ ਵਿਦਿਆਰਥੀ ਹਨ। ਮੈਂ ਹਰ ਸਾਲ ਉਨ੍ਹਾਂ 'ਤੇ 21,000 ਰੁਪਏ ਖਰਚ ਕਰਦਾ ਹਾਂ। ਇਹ ਮੇਰਾ ਪੂਰਾ ਧਿਆਨ ਹੈ। ਮੈਂ ਔਰੰਗਾਬਾਦ ਜਾ ਕੇ ਉੱਥੇ ਇੱਕ ਕਾਲਜ ਖੋਲ੍ਹਣ ਬਾਰੇ ਵਿਚਾਰ ਕਰ ਰਿਹਾ ਹਾਂ। ਇਹ ਸਭ ਕੁਝ "ਪਾਂਦੁਰੰਗ ਨੇ ਨਾਮਦੇਵ ਨਾਲ ਵਿਆਹ ਕੀਤਾ" ਵਰਗਾ ਹੈ।

ਸੰਵਿਧਾਨਕ ਕਮੇਟੀ ਨੇ ਭਵਿੱਖ ਦਾ ਸੰਵਿਧਾਨ ਤਿਆਰ ਕੀਤਾ ਹੈ, ਅਤੇ ਇਹ ਅਛੂਤਾਂ ਲਈ ਰਾਖਵੇਂਕਰਨ ਦੀ ਵਿਵਸਥਾ ਕਰਦਾ ਹੈ। ਨਵੇਂ ਸੰਵਿਧਾਨ ਦਾ ਆਰਟੀਕਲ 9 ਛੂਤ-ਛਾਤ ਨੂੰ ਖਤਮ ਕਰਦਾ ਹੈ। ਕਿਸੇ ਵੀ ਤਰ੍ਹਾਂ ਦੇ ਜਾਤੀ ਵਿਤਕਰੇ ਅਤੇ ਉੱਤਮਤਾ ਅਤੇ ਹੀਣਤਾ ਦੀ ਧਾਰਨਾ ਨੂੰ ਖਤਮ ਕਰ ਦਿੱਤਾ ਗਿਆ ਹੈ। ਨਾਈਆਂ ਨੂੰ ਤੁਹਾਡੇ ਵਾਲ ਕੱਟਣੇ ਚਾਹੀਦੇ ਹਨ, ਧੋਬੀਆਂ ਨੂੰ ਤੁਹਾਡੇ ਕੱਪੜੇ ਧੋਣੇ ਚਾਹੀਦੇ ਹਨ, ਅਤੇ ਮੰਦਰਾਂ, ਤੇਹਛਿਆਂ ਦੀਆਂ ਦੁਕਾਨਾਂ ਅਤੇ ਖਾਣ-ਪੀਣ ਵਾਲੀਆਂ ਥਾਵਾਂ 'ਤੇ ਹਰ ਕਿਸੇ ਨੂੰ ਤੁਹਾਡੇ ਨਾਲ ਉੱਚ ਜਾਤੀ ਦੇ ਮੈਂਬਰਾਂ ਵਾਂਗ ਪੇਸ਼ ਆਉਣਾ ਚਾਹੀਦਾ ਹੈ। ਹਰ ਕਿਸੇ ਨੂੰ ਤੁਹਾਡੇ ਨਾਲ ਬਰਾਬਰ ਵਿਵਹਾਰ ਕਰਨਾ ਚਾਹੀਦਾ ਹੈ। ਕੇਂਦਰੀ ਵਿਧਾਨ ਸਭਾ ਨੂੰ ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਸ਼ਕਤੀ ਦਿੱਤੀ ਗਈ ਹੈ। ਅਸੀਂ ਕਈ ਸਾਲਾਂ ਤੋਂ ਇਨ੍ਹਾਂ ਚੀਜ਼ਾਂ ਦੀ ਮੰਗ ਕਰ ਰਹੇ ਹਾਂ।

ਅਸੀਂ ਤਿੰਨ ਤਰ੍ਹਾਂ ਦੇ ਰਾਜਨੀਤਿਕ ਅਧਿਕਾਰਾਂ ਦੀ ਮੰਗ ਕਰ ਰਹੇ ਹਾਂ: ਪਹਿਲਾ, ਸਾਡੇ ਪ੍ਰਤੀਨਿਧੀਆਂ ਨੂੰ ਵਿਧਾਨ ਸਭਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਦੂਜਾ, ਆਬਾਦੀ ਦੇ ਅਨੁਪਾਤ ਵਿੱਚ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ; ਤੀਜਾ, ਵੱਖਰੇ ਹਲਕੇ। ਇਨ੍ਹਾਂ ਵਿੱਚੋਂ ਸਿਰਫ਼ ਇੱਕ ਪ੍ਰਾਪਤ ਨਹੀਂ ਹੋਇਆ ਹੈ - ਸਾਨੂੰ ਵੱਖਰੇ ਹਲਕੇ ਨਹੀਂ ਦਿੱਤੇ ਗਏ ਹਨ। ਮੈਨੂੰ ਨਹੀਂ ਲੱਗਦਾ ਕਿ ਇਹ ਸਾਡੀ ਤਰੱਕੀ ਵਿੱਚ ਰੁਕਾਵਟ ਪਾਵੇਗਾ। ਤੁਹਾਨੂੰ ਜੋ ਵੀ ਮਿਲਦਾ ਹੈ, ਤੁਹਾਨੂੰ ਹਮੇਸ਼ਾ ਹੋਰ ਮੰਗ ਕਰਨੀ ਚਾਹੀਦੀ ਹੈ। ਤੁਹਾਨੂੰ "ਜੇ ਮੈਂ ਕੁਝ ਪਹਿਨਾਂਗਾ, ਤਾਂ ਮੈਂ ਬ੍ਰੋਕੇਡ ਸਾੜ੍ਹੀ ਪਹਿਨਾਂਗਾ, ਨਹੀਂ ਤਾਂ ਮੈਂ ਨੰਗਾ ਹੋਵਾਂਗਾ" ਦੀ ਮਾਨਸਿਕਤਾ ਨਹੀਂ ਹੋਣੀ ਚਾਹੀਦੀ। ਇਹ ਕਿਸ ਤਰ੍ਹਾਂ ਦਾ ਯਤਨ ਹੈ?

# ਪੰਜਾਬ ਸਰਕਾਰ ਬਿਹਤਰ ਸੜਕੀ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ: ਹਰਭਜਨ ਸਿੰਘ ਈ.ਟੀ.ਓ.

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪੰਜਾਬ ਭਰ ਵਿੱਚ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦਾ ਕੰਮ ਪੂਰੇ ਜ਼ੋਰਾਂ-ਸ਼ੋਰਾਂ 'ਤੇ ਚੱਲ ਰਿਹਾ ਹੈ ਅਤੇ ਲਿੰਕ ਸੜਕਾਂ ਸਮੇਤ ਹਰ ਪੱਧਰ 'ਤੇ ਗੁਣਵੱਤਾ ਵਾਲੇ ਕੰਮ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਬਿਹਤਰ ਸੜਕੀ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਕੈਬਨਿਟ ਮੰਤਰੀ ਇੱਥੇ ਵੱਖ-ਵੱਖ ਯੋਜਨਾਵਾਂ, ਜਿਨ੍ਹਾਂ ਤਹਿਤ ਲੋਕ ਨਿਰਮਾਣ ਵਿਭਾਗ ਵੱਲੋਂ ਇਹ ਕੰਮ ਅਮਲ ਵਿੱਚ ਲਿਆਂਦੇ ਜਾ ਰਹੇ ਹਨ, ਦੀ ਸਮੁੱਚੀ ਪ੍ਰਗਤੀ ਦਾ ਜਾਇਜ਼ਾ ਲੈਣ ਪਹੁੰਚੇ ਸਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੀਆਂ ਵੱਖ-ਵੱਖ ਮਾਰਕੀਟ ਕਮੇਟੀਆਂ ਵਿੱਚ 1543 ਕਰੋੜ ਰੁਪਏ ਦੀ ਲਾਗਤ ਨਾਲ 10262 ਕਿਲੋਮੀਟਰ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਅਤੇ ਆਧੁਨਿਕੀਕਰਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਉਨ੍ਹਾਂ ਦੀ ਸਰਕਾਰ ਵੱਲੋਂ ਲਿੰਕ ਸੜਕਾਂ ਦੇ ਆਧੁਨਿਕੀਕਰਨ ਲਈ ਵਿਸ਼ੇਸ਼ ਕਾਰਜ ਵੀ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ 2,920 ਕਰੋੜ ਰੁਪਏ ਦੀ ਲਾਗਤ ਨਾਲ 7,767 ਕਿਲੋਮੀਟਰ ਲਿੰਕ ਸੜਕਾਂ 'ਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਪਲਾਨ ਰੋਡਜ਼ (ਸੜਕਾਂ) ਲਈ 2,363 ਕਰੋੜ ਰੁਪਏ ਦੀ ਲਾਗਤ ਨਾਲ 2,834 ਕਿਲੋਮੀਟਰ ਸੜਕ ਦੇ ਨਵੀਨੀਕਰਨ ਲਈ ਵਿਸ਼ੇਸ਼ ਯੋਜਨਾ ਉਲੀਕੀ ਗਈ ਹੈ। ਉਨ੍ਹਾਂ ਦੱਸਿਆ ਕਿ ਪਲਾਨ ਸੜਕਾਂ ਅਤੇ ਲਿੰਕ ਸੜਕਾਂ ਲਈ ਬੋਲੀਆਂ ਪਹਿਲਾਂ ਹੀ ਮੰਗੀਆਂ ਜਾ ਚੁੱਕੀਆਂ ਹਨ ਅਤੇ ਇਸ ਸਬੰਧੀ ਕੰਮ ਜਲਦੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਵਿਸ਼ਾਲ ਖੈਰਾ ਦੀ ਆ ਰਹੀ ਪਲੇਠੀ ਕਿਤਾਬ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ"

## ਹਰ ਇਕ ਲੇਖ ਬਾਬਾ ਸਾਹਿਬ ਅੰਬੇਡਕਰ ਦੇ ਧੰਮ ਪ੍ਰਤੀ ਨਜ਼ਰੀਏ ਨੂੰ ਪਾਣੀ ਵਾਂਗੂ ਸਾਫ਼ ਕਰਦਾ ਹੈ। ਡਾ. ਇੰਦਰਜੀਤ ਕੁਮਾਰ 'ਕਜਲਾ' ਸਹਾਇਕ ਪ੍ਰੋਫੈਸਰ ਕਾਨੂੰਨ, ਲੇਖਕ, ਅਨੁਵਾਦਕ, ਸੰਪਾਦਕ ਸੰਸਥਾਪਕ, ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 9463601616 hardipchumber57@gmail.com

ਜਿਵੇਂ ਕਿ ਤਥਾਗਤ ਬੁੱਧ ਕਹਿੰਦੇ ਨੇ ਕਿ, "ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਜਾਣੋ"। ਇੱਥੇ ਇਹ ਕਹਿਣਾ ਝੂਠ ਨਹੀਂ ਹੈ ਕਿ ਬੁੱਧ ਨੂੰ ਮੰਨਣ ਵਾਲੇ ਬੁਹਤ ਲੋਕ ਮਿਲਦੇ ਹਨ ਪਰ ਸਮਝਣ ਵਾਲੇ ਘੱਟ! ਇਹ ਬੁਹਤ ਹੀ ਸੰਜੀਦਾ ਵਿਸ਼ਾ ਹੈ ਕਿਉਂਕਿ ਕੁਝ ਲੋਕਾਂ ਲਈ ਬੁੱਧ ਧੰਮ ਹੁਣ ਸਿਰਫ਼ ਇਕ ਧਰਮ ਬਣਦਾ ਜਾ ਰਿਹਾ ਹੈ। ਉਸੇ ਤਰ੍ਹਾਂ ਜਿਵੇਂ ਬਾਕੀ ਧਰਮਾਂ ਵਿੱਚ ਜਨਮ-ਮਰਨ, ਸਵਰਗ-ਨਰਕ ਅਤੇ ਅੰਧ-ਵਿਸ਼ਵਾਸ ਦੇ ਸਿਧਾਂਤ ਤੇ ਚਲਦੇ ਹਨ। ਜੋ ਕਿ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਇਸੇ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਬੁੱਧ ਅਪਣਾਉਣ ਤੋਂ ਪਹਿਲਾ ਬਹੁਤ ਹੀ ਡੂੰਘਾਈ ਦੇ ਨਾਲ ਧਰਮ ਅਤੇ ਧੰਮ ਅੰਤਰ ਨੂੰ ਸਮਝਿਆ ਫਿਰ ਉਸ ਤੋਂ ਬਅਦ ਹੀ ਬੁੱਧ ਧੰਮ ਦੀ ਸ਼ਰਣ ਵਿੱਚ ਗਏ। ਜਿੱਥੇ-ਜਿੱਥੇ ਉਨ੍ਹਾਂ ਨੂੰ ਧੰਮ ਵਿੱਚ ਛੇਕ ਮਿਲੇ ਉਹਨਾਂ ਨੂੰ ਉਹਨਾਂ ਨੇ 22 ਪ੍ਰੱਤਿਗਿਆਵਾਂ ਦੇ ਨਾਲ ਅਤੇ "ਬੁੱਧ ਅਤੇ ਉਹਨਾਂ ਦਾ ਧੰਮ" ਨਾਮਕ ਗ੍ਰੰਥ ਦੇ ਵਿੱਚ ਦਿੱਤੀ ਜਾਣਕਾਰੀ ਨਾਲ ਭਰਨ ਦਾ ਬੇ-ਮਿਸਾਲ ਉਪਰਾਲਾ ਕੀਤਾ।




ਸਮੇਂ ਦੀ ਘਾਟ ਅਤੇ ਅੰਗਰੇਜ਼ੀ ਦੇ ਘੱਟ ਗਿਆਨ ਕਾਰਨ ਇਸ ਗ੍ਰੰਥ ਵਿੱਚ ਦਰਜ ਗਿਆਨ ਲੋਕਾਂ ਤੱਕ ਨਹੀਂ ਪੁੰਹਚਿਆ। ਜਦੋਂਕਿ ਇਸ ਕਿਤਾਬ ਦਾ ਪੰਜਾਬੀ ਭਾਸ਼ਾ ਵਿੱਚ ਬਹੁਤ ਸਾਰੇ ਵਿਦਵਾਨਾਂ ਵਲੋਂ ਵਧੀਆ ਢੰਗ ਨਾਲ ਅਨੁਵਾਦ ਕੀਤਾ ਗਿਆ ਹੈ। ਪਰ ਵੱਡੀਆਂ ਤੇ ਮੋਟੀਆਂ ਕਿਤਾਬਾਂ ਨੂੰ ਦੇਖਕੇ ਪਾਠਕ ਦਾ ਪੜ੍ਹਨ ਨੂੰ ਹੌਸਲਾ ਨਹੀਂ ਪੈਂਦਾ। ਇਸ ਤਰ੍ਹਾਂ ਦੀ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਆਮ ਪਾਠਕ ਤੱਕ ਬਾਬਾ ਵਾਲੇ ਤਰਕਵਾਦੀ ਦ੍ਰਿਸ਼ਟੀਕੋਣ ਨਾਲ ਪੇਸ਼ ਕਰਨ ਦੀ ਕਾਮਯਾਬ ਕੋਸ਼ਿਸ਼ ਕੀਤੀ ਹੈ ਮੇਰੇ ਦੋਸਤ ਵਿਸ਼ਾਲ ਖੈਰਾ ਨੇ ਇਸ ਕਿਤਾਬ ਦਾ ਨਾਂ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਹੈ। ਇਸ ਕਿਤਾਬ ਕੱਲ 12 ਲੇਖ ਹਨ। ਜਿਨ੍ਹਾਂ ਦਾ ਸਿੱਧਾ ਸੰਬੰਧੀ ਹੀ ਬਾਬਾ ਸਾਹਿਬ ਦੇ ਦੁਆਰਾ ਮੁੜ-ਸੁਰਜੀਤ ਕੀਤੇ ਬੁੱਧ ਧੰਮ ਨਾਲ ਹੈ ਕਿਉਂਕਿ ਇਹ ਲੇਖ ਆਪਣੇ-ਆਪ ਵਿੱਚ ਬਹੁਤ ਹੀ ਗਿਆਨ ਭਰਪੂਰ ਹਨ। ਹਰ ਇਕ ਲੇਖ ਬਾਬਾ ਸਾਹਿਬ ਅੰਬੇਡਕਰ ਦੇ ਧੰਮ ਪ੍ਰਤੀ ਨਜ਼ਰੀਏ ਨੂੰ ਪਾਣੀ ਵਾਂਗੂ ਸਾਫ਼ ਕਰਦਾ ਹੈ। ਮੈਂ ਇਸ ਕਿਤਾਬ ਨੂੰ ਛਪਣ ਤੋਂ ਪਹਿਲਾ ਹੀ ਖਰੜੇ ਨੂੰ ਤਿੰਨ-ਚਾਰ ਵਾਰ ਪੜ੍ਹ ਚੁੱਕਾ ਹਾਂ ਇਸ ਨੂੰ ਪੜ੍ਹਨ ਤੋਂ ਬਅਦ ਮੈਂ ਇਹ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਹ ਕਿਤਾਬ ਬੁੱਧ ਧੰਮ ਵਿੱਚ ਵਿਛਾਏ ਜਾਂ ਰਹੇ ਕੁੜ-ਪ੍ਰਚਾਰ ਨੂੰ ਸਾਫ਼ ਕਰਨ ਵਿੱਚ ਕਾਰਗਰ ਸਾਬਤ ਹੋਵੇਗੀ। ਇਹ ਕਿਤਾਬਾਂ ਵੱਖ-ਵੱਖ ਸਵਾਲਾਂ ਦੇ ਉੱਤਰ ਵੀ ਦਿੰਦੀ ਹੈ। ਜਿਵੇਂ ਕਿ ਬੁੱਧ ਧੰਮ ਵਿੱਚ ਰੱਬ ਦਾ ਕੀ ਸਥਾਨ ਹੈ?, ਬੁੱਧ ਦੇ ਦਸ ਜਨਮ ਕੀ ਹਨ? ਬੁੱਧ ਧੰਮ ਵਿੱਚ ਹਾਨੀਆਂ ਪੈਦਾ ਹੋਣ ਦੇ ਕਾਰਨ, ਇਨ੍ਹਾਂ ਹਾਨੀਆਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ? ਬੁੱਧ ਧੰਮ ਨੂੰ ਅੱਗੇ ਕਿਵੇਂ ਲੈ ਕੇ ਜਾਇਆ ਜਾ ਸਕਦਾ ਹੈ? ਇਸ ਤਰ੍ਹਾਂ ਦੇ ਹੋਰ ਬੁਹਤ ਸਾਰੇ ਸਵਾਲਾਂ ਅਤੇ ਉਨ੍ਹਾਂ ਦੇ ਜਵਾਬ 'ਬੁੱਧ ਅਤੇ ਉਹਨਾਂ ਦਾ ਧੰਮ' ਨਾਮਕ ਮਹਾਨ ਗ੍ਰੰਥ ਤੋਂ ਪ੍ਰੇਰਿਤ ਹਨ, ਬੋਧੀ ਇਤਿਹਾਸ ਨੂੰ ਉਜਾਗਰ ਕਰਨ ਵਾਲੇ ਚੀਨੀ ਯਾਤਰੀ ਅਤੇ ਅੰਗਰੇਜ਼ ਅਫ਼ਸਰ ਦਾ ਜ਼ਿਕਰ ਵੀ। ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਵਿਸ਼ਾਲ ਖੈਰਾ ਨੇ ਇਹ ਕਿਤਾਬ ਆਰਟੀਕਲਾਂ ਨੂੰ ਲਿਖ ਕੇ ਗਾਗਰ ਵਿੱਚ ਸਾਗਰ ਭਰਨ ਵਾਲੀ ਗੱਲ ਕੀਤੀ ਹੈ। ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ



ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ"
ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ
ਫੋਨ ਨੰਬਰ: 99158-53404, 7707925975

# 48ਵਾਂ ਲਿਬਰਲਜ਼ ਹਾਕੀ ਟੂਰਨਾਮੈਂਟ: ਐਲਪੀਯੂ ਅਤੇ ਈ ਐਮ ਈ ਜਲੰਧਰ ਦਰਮਿਆਨ ਖੇਡਿਆ ਜਾਵੇਗਾ ਫਾਈਨਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 9463601616 hardipchumber57@gmail.com

ਨਾਭਾ, 20 ਦਸੰਬਰ (ਬੇਅੰਤ ਸਿੰਘ ਰੋਹਟੀ ਖਾਸ) ਰਿਆਸਤੀ ਸ਼ਹਿਰ ਨਾਭਾ ਦੇ ਪੰਜਾਬ ਪਬਲਿਕ ਸਕੂਲ ਦੇ ਹਾਕੀ ਗਰਾਉਂਡ ਵਿਖੇ 48ਵੇਂ ਜੀਐਸ ਬੈਂਸ ਲਿਬਰਲਜ਼ ਸਰਬ ਭਾਰਤੀ ਹਾਕੀ ਟੂਰਨਾਮੈਂਟ ਵਿਚ ਸੈਮੀ ਫਾਈਨਲ ਮੈਚ ਖੇਡੇ ਗਏ। ਪਹਿਲਾ ਮੈਚ ਸਾਈ ਇੰਫਾਲ ਅਤੇ ਐਲ ਪੀ ਯੂ ਜਲੰਧਰ ਦਰਮਿਆਨ ਖੇਡਿਆ ਗਿਆ। ਮੈਚ ਦੇ ਅੱਧ ਤੱਕ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਦੋਵੇਂ ਟੀਮਾਂ ਦੇ ਖਿਡਾਰੀਆਂ ਨੇ ਵਧੀਆ ਖੇਡ ਦਾ ਪਰਦਰਸ਼ਨ ਕੀਤਾ। ਮੈਚ ਦੇ 42 ਵੇਂ ਮਿੰਟ ਵਿਚ ਐਲ ਪੀ ਯੂ ਜਲੰਧਰ ਦੇ ਖਿਡਾਰੀ ਸਿਵਮ ਰਾਣਾ ਨੇ ਗੋਲ ਕਰਕੇ ਆਪਣੀ ਟੀਮ ਨੂੰ 1-0 ਦੀ ਲੀਡ ਦਿਵਾਈ।ਜੋ ਕਿ ਮੈਚ ਦੇ ਅੰਤ ਤੱਕ ਬਣੀ



ਰਹੀ। ਇਸ ਤਰ੍ਹਾਂ ਐਲ ਪੀ ਯੂ ਦੀ ਟੀਮ ਟੂਰਨਾਮੈਂਟ ਦੇ ਫਾਈਨਲ ਵਿਚ ਪਹੁੰਚਣ ਵਿਚ ਕਾਮਯਾਬ ਰਹੀ। ਦੂਸਰਾ ਸੈਮੀ ਫਾਈਨਲ ਮੈਚ ਈ ਐਮ ਈ ਜਲੰਧਰ ਤੇ ਆਰਮੀ ਇਲੈਵਨ ਵਿਚਕਾਰ ਖੇਡਿਆ ਗਿਆ। ਮੈਚ ਦੇ ਪਹਿਲੇ ਅੱਧ ਤੱਕ ਈ ਐਮ ਈ ਦੀ ਟੀਮ 1-0 ਨਾਲ ਅੱਗੇ ਰਹੀ।ਆਰਮੀ ਇਲੈਵਨ ਦੇ ਖਿਡਾਰੀਆਂ ਨੇ ਬੇਸ਼ਕ ਵਧੀਆ ਖੇਡ ਦਾ ਪਰਦਰਸ਼ਨ ਕੀਤਾ ਪਰ ਅੰਤ ਵਿਚ ਈ ਐਮ ਈ ਜਲੰਧਰ 2-0 ਨਾਲ ਇਹ ਸੈਮੀ ਫਾਈਨਲ ਮੈਚ ਜਿੱਤਣ ਵਿਚ ਸਫਲ ਰਹੀ।ਇਸ ਮੈਚ ਦੇ ਮੁੱਖ ਮਹਿਮਾਨ ਚਰਨ ਸਿੰਘ ਐਮ ਡੀ ਮਲਕੀਤ ਕੰਬਾਇਨ ਸਨ। ਇਨ੍ਹਾਂ ਨੇ ਟੂਰਨਾਮੈਂਟ ਕਮੇਟੀ ਨੂੰ ਇੱਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਟੂਰਨਾਮੈਂਟ ਕਮੇਟੀ ਦੇ ਪਰਧਾਨ ਗੁਰਕਰਨ ਸਿੰਘ ਬੈਂਸ ਵੱਲੋਂ ਮੁੱਖ ਮਹਿਮਾਨ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਐਡਵੋਕੇਟ ਗਿਆਨ ਸਿੰਘ ਮੂੰਗੋ, ਹੰਬੀ ਧਾਲੀਵਾਲ ਉੱਘੇ ਪੰਜਾਬੀ ਕਲਾਕਾਰ, ਗੁਰਜੀਤ ਸਿੰਘ ਬੈਂਸ, ਰੁਪਿੰਦਰ ਸਿੰਘ ਗਰੇਵਾਲ ਪ੍ਰਬੰਧਕੀ ਸਕੱਤਰ , ਜਤਿੰਦਰ ਸਿੰਘ ਦਾਖੀ, ਅਜੇ ਸਿੰਘ ਭੁਰੀਆਂ, ਵਰਿੰਦਰ ਸਿੰਘ ਗੋਲਡੀ,ਚਰਨਜੀਤ ਸਿੰਘ ਵਿਰਕ,ਐਡਵੋਕੇਟ ਗੁਰਜਿੰਦਰ ਸਿੰਘ ਧਾਲੀਵਾਲ, ਪ੍ਰਿੰਸੀਪਲ ਕੁਲਬੀਰ ਸਿੰਘ,ਜੈ ਵੀਰ ਸਿੰਘ, ਵਰਿੰਦਰ ਸਿੰਘ ਕਾਲਾ ਝਾੜ, ਦਲਵੀਰ ਸਿੰਘ ਭੰਗੂ, ਜਤਿੰਦਰ ਸਿੰਘ ਬਹਿਰੀ ਹਾਜ਼ਰ ਸਨ। ਟੂਰਨਾਮੈਂਟ ਦਾ ਫਾਈਨਲ ਮੈਚ ਐਤਵਾਰ ਨੂੰ ਖੇਡਿਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਟੂਰਨਾਮੈਂਟ ਦੇ ਪਰੈਸ ਸਕੱਤਰ ਗੁਰਿੰਦਰ ਜੀਤ ਸਿੰਘ ਸੋਢੀ ਨੇ ਦੱਸਿਆ ਕਿ ਫਾਈਨਲ ਮੈਚ ਦੇ ਮੁੱਖ ਮਹਿਮਾਨ ਪੰਜਾਬ ਸਰਕਾਰ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਹੋਣਗੇ। ਇਨ੍ਹਾਂ ਦੇ ਨਾਲ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਸਾਬਕਾ ਵਿਧਾਇਕ ਰਮੇਸ਼ ਸਿੰਗਲਾ ਗੈਸਟ ਆਫ ਆਨਰ ਹੋਣਗੇ।ਇਹ ਫਾਈਨਲ ਮੈਚ ਐਲ ਪੀ ਯੂ ਜਲੰਧਰ ਅਤੇ ਈ ਐਮ ਈ ਜਲੰਧਰ ਦਰਮਿਆਨ ਖੇਡਿਆ ਜਾਵੇਗਾ।

# "ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 9463601616 hardipchumber57@gmail.com

ਸਫ਼ਰ ਦੌਰਾਨ ਅਕਸਰ ਗੱਡੀਆਂ ਦੇ ਪਿੱਛੇ ਲਿਖੀਆਂ ਸਤਰਾਂ ਮਨ ਨੂੰ ਹੱਸਾਉਂਦੀਆਂ ਵੀ ਹਨ ਅਤੇ ਕਈ ਵਾਰ ਜੀਵਨ ਦੀ ਗਹਿਰੀ ਸੱਚਾਈਆਂ ਵੱਲ ਧਿਆਨ ਵੀ ਦਿਵਾਉਂਦੀਆਂ ਹਨ। ਹਾਲ ਹੀ ਵਿੱਚ ਇੱਕ ਬੱਸ ਤੇ ਲਿਖੀ ਲਾਈਨ — "ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ" — ਨੇ ਮੇਰੇ ਮਨ ਨੂੰ ਉਸ ਦਿਸ਼ਾ ਵੱਲ ਮੋੜ ਦਿੱਤਾ ਜਿੱਥੇ ਅੱਜਕਲ ਵਿਆਹਾਂ ਅਤੇ ਹੋਰ ਪ੍ਰੋਗਰਾਮ ਦੇ ਨਾਮ 'ਤੇ ਕੀਤੇ ਜਾਣ ਵਾਲੇ ਬੇਲੋੜੇ ਖਰਚੇ ਖੜ੍ਹੇ ਹਨ। ਦਿਖਾਵੇ ਦੀ ਦੌੜ ਵਿੱਚ ਕਈ ਪਰਿਵਾਰ ਆਪਣੀ ਹੈਸੀਅਤ ਤੋਂ ਵੱਧ ਖਰਚ ਕਰਦੇ ਹਨ। ਕੁੱਝ ਲੋਕ ਕਈ ਵਾਰ ਕਰਜ਼ੇ ਤੱਕ ਲੈ ਲੈਂਦੇ ਹਨ, ਅਤੇ ਫਿਰ ਸਾਲਾਂ ਤੱਕ ਉਸ ਕਰਜ਼ੇ ਦੇ ਬੋਝ ਹੇਠ ਦੱਬੇ ਰਹਿੰਦੇ ਹਨ।

ਵਿਆਹ, ਜੋ ਖੁਸ਼ੀ ਦਾ ਇੱਕ ਸਧਾਰਣ ਸਮਾਂ ਹੋਣਾ ਚਾਹੀਦਾ ਹੈ, ਅਕਸਰ ਸ਼ਾਨੋ ਸ਼ੌਕਤ ਦੇ ਦਿਖਾਵੇ ਨੇ ਉਸਨੂੰ ਆਰਥਿਕ ਚਿੰਤਾ ਦੇ ਰੋਗ ਵਿੱਚ ਬਦਲ ਦਿੱਤਾ ਹੈ। ਇਸਦੇ ਉਲਟ, ਸਾਦੇ ਵਿਆਹ ਆਰਥਿਕ ਬੱਚਤ ਦੇ ਨਾਲ-ਨਾਲ ਮਨ ਦੀ ਸ਼ਾਂਤੀ ਵੀ ਦਿੰਦੇ ਹਨ, ਕਿਉਂਕਿ ਇਨ੍ਹਾਂ ਵਿੱਚ ਦਿਖਾਵਾ ਨਹੀਂ, ਸਗੋਂ ਰਿਸ਼ਤਿਆਂ ਦੀ ਸੱਚੀ ਖੁਸ਼ੀ ਹੁੰਦੀ ਹੈ।

ਸਮਾਜ ਲਈ ਵੀ ਇਹੋ ਰਸਤਾ ਵਧੀਆ ਹੈ ਕਿ ਅਸੀਂ ਰਸਮਾਂ ਦੀ ਅਸਲ ਭਾਵਨਾ ਨੂੰ ਸਮਝੀਏ ਅਤੇ ਦਿਖਾਵੇ ਦੀ ਲਗਾਤਾਰ ਦੌੜ ਤੋਂ ਜਿਨ੍ਹਾਂ ਹੋ ਸਕਦਾ ਬਚੀਏ।

ਜੋ ਕਈ ਵਾਰ ਇੱਕ ਸਧਾਰਣ ਲਾਈਨ ਵੀ ਸਾਨੂੰ ਸਹੀ ਦਿਸ਼ਾ ਵਿੱਚ ਸੋਚਣ ਲਈ ਪ੍ਰੇਰਨਾ ਦੇ ਸਕਦੀ ਹੈ।



ਪਵਨ ਕੁਮਾਰ ਅੱਤਰੀ
ਅਧਿਆਪਕ
(ਕਪੂਰਥਲਾ)
8427791277

# ਬਲਾਕ ਸੰਮਤੀ ਜੋਨ ਕੁਲਥਮ ਦੇ ਸਾਰੇ ਸਾਥੀਆਂ ਦਾ ਧੰਨਵਾਦ --ਚਰਨਜੀਤ ਮੰਢਾਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 9463601616 hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ )ਬਲਾਕ ਸੰਮਤੀ ਜ਼ੋਨ ਕੁਲਥਮ ਦੇ ਸਾਰੇ ਸਾਥੀਆਂ ਦਾ ਧੰਨਵਾਦ ਚਰਨਜੀਤ ਮੰਢਾਲੀ ਉਮੀਦਵਾਰ ਬਲਾਕ ਸੰਮਤੀ ਜ਼ੋਨ ਕੁਲਥਮ! ਇਸ ਜ਼ੋਨ ਅਧੀਨ ਪੈਂਦੇ ਪਿੰਡਾਂ ਪਿੰਡ ਕੁਲਥਮ, ਮੰਢਾਲੀ ਸਰਹਾਲਾ ਰਾਣੂਆਂ ਅਤੇ ਚੱਕ ਮਾਈਦਾਸ ਦੇ ਸਮੂਹ ਵੋਟਰਾਂ ਸਪੋਰਟਰਾਂ ਅਤੇ ਪਾਰਟੀ ਲੀਡਰਸ਼ਿਪ ਚੋਣਾਂ ਦੌਰਾਨ ਮੈਨੂੰ ਅਤੇ ਬਹੁਜਨ ਸਮਾਜ ਪਾਰਟੀ ਨੂੰ ਸਹਿਜੋਗ ਕਰਨ ਲਈ ਧੰਨਵਾਦ, ਇਹਨਾਂ ਚੋਣਾਂ ਦੌਰਾਨ ਲੋਕਾਂ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਅਸੀਂ ਅੱਜ ਵੀ ਬਾਬਾ ਸਾਹਿਬ ਅਤੇ ਕਾਂਸ਼ੀ ਰਾਮ ਜੀ ਦੇ ਮਿਸ਼ਨ ਨਾਲ ਡੱਟ ਕੇ ਖੜ੍ਹੇ ਹਾਂ ਭਾਵੇਂ ਕਿ ਅਸੀਂ ਇਸ ਜ਼ੋਨ ਤੋਂ ਜਿੱਤ ਪ੍ਰਾਪਤ ਨਹੀਂ ਕਰ ਸਕੇ ਪਰ ਪਿੰਡ ਮੰਢਾਲੀ ਦੇ ਵੋਟਰਾਂ ਦਾ ਵਿਸ਼ੇਸ਼ ਧੰਨਵਾਦ ਜਿਹਨਾਂ ਨੇ ਵੱਧ ਤੋਂ ਵੱਧ ਵੋਟਾਂ ਹਾਥੀ ਦੇ ਨਿਸ਼ਾਨ ਤੇ ਪਾ ਕੇ ਪਾਰਟੀ ਨੂੰ ਪਹਿਲੇ ਨੰਬਰ ਦੀ ਪਾਰਟੀ ਬਣਾਇਆ ਪਾਰਟੀ ਲੀਡਰਸ਼ਿਪ ਅਤੇ ਜਿਲ੍ਹਾ ਪ੍ਰੀਸ਼ਦ ਚੋਣ ਲੜ ਰਹੇ ਸ੍ਰੀ ਮਤੀ ਹਰਪ੍ਰੀਤ ਕੌਰ ਜੰਡਿਆਲੀ ਅਤੇ ਹਰਜਿੰਦਰ ਜੰਡਿਆਲੀ ਦਾ ਵੀ ਵਿਸ਼ੇਸ਼ ਧੰਨਵਾਦ ਜਿਹਨਾਂ ਨੇ ਪਾਰਟੀ ਦੇ ਨਿਸ਼ਾਨ ਹਾਥੀ ਨੂੰ ਘਰ ਘਰ ਲਿਜਾਣ ਵਿੱਚ ਆਪਣਾ ਯੋਗਦਾਨ ਪਾਇਆ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੀ ਦਾ ਵੀ ਧੰਨਵਾਦ ਇਹਨਾਂ ਤੋਂ ਇਲਾਵਾ ਇੰਜ. ਮਲਕੀਤ ਚੰਦ (J.E Retd)ਕੁਲਵਿੰਦਰ ਗੋਰਾ,ਸਾਬਕਾ ਸਰਪੰਚ ਕਮਲਜੀਤ ਕੌਰ ਸੁਰਜੀਤ ਸਿੰਘ, ਰਾਜ ਕੁਮਾਰ ਬੂਟਾ, ਅਮਰਜੀਤ ਮੱਦੀ ਸਾਰੇ ਪੰਚ ਮੰਢਾਲੀ ਸ੍ਰੀ ਬਾਲੀ ਰਾਮ, ਮਹਿੰਦਰ ਬੈਂਸ ਪਰਮਜੀਤ ਭੱਟੀ, ਰਮਨ ਨਿੱਕਾ, ਮਨੋਹਰ ਲਾਲ ਮਹਿਮੀ, ਸਤਨਾਮ ਮੰਢਾਲੀ, ਪ੍ਰੇਮ ਕੁਮਾਰ ਮੰਢਾਲੀ, ਕਮਲਜੀਤ, ਗੁਰਮੁਖ ਦਾਸ ਕਮਲਜੀਤ world wide ਬਸਪਾ ਸੁਪੋਰਟਰ ਟੀਮ ਸ੍ਰੀ ਲੇਖ ਰਾਜ ਕੁਲਥਮ, ਰਾਕੇਸ਼ ਕੁਲਥਮ, ਡਾ.. ਸ਼ੇਨੂ ਨਰ, ਦਲਜਿੰਦਰ ਕੁਲਥਮ, ਸੁਰਜੀਤ ਪੰਚ ਕੁਲਥਮ ਸ੍ਰੀ ਬਾਂਕਾ ਰਾਮ



ਜੀ ਪ੍ਰਸ਼ੋਤਮ ਮੰਢਾਲੀ,ਅਮਰੀਕ ਚੱਕ ਮਾਈਦਾਸ, ਜਸਵੀਰ ਚੱਕ ਮਾਈਦਾਸ ਅਤੇ ਸਾਰੇ ਵਰਕਰਾਂ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਮੈਂ ਆਪਣੇ ਵਲੋਂ ਅਤੇ ਪਾਰਟੀ ਵਲੋਂ ਸਭ ਵੋਟਰਾਂ ਸਪੋਰਟਰਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਹਰ ਸੁੱਖ ਦੁੱਖ ਵਿੱਚ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੇ ਹੋਵਾਂਗੇ

# ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਡਰਾਈਵਰ ਭਾਈਚਾਰੇ ਨੇ ਰਾਹਦਾਰਾਂ ਨੂੰ ਲੰਗਰ ਵਰਤਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਦਸੰਬਰ INTERNATIONAL PAPER, 9463601616 hardipchumber57@gmail.com

ਪਟਿਆਲਾ ( ) ਸਥਾਨਕ ਸਮਾਣਾ ਚੁੰਗੀ ਵਿਖੇ ਸਿਟੀ ਟੈਕਸੀ ਸਟੈਂਡ ਦੇ ਡਰਾਈਵਰਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁੱਜਰ ਕੌਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਰਾਹਦਾਰਾਂ ਨੂੰ ਲੰਗਰ ਵਰਤਾਇਆ ਗਿਆ। ਜਿਸ ਵਿੱਚ ਡਰਾਈਵਰ ਭਾਈਚਾਰੇ ਵੱਲੋਂ ਲੰਗਰ ਕਾਰਜਾਂ ਵਿੱਚ ਸ਼ਰਧਾ



ਨਾਲ ਸੇਵਾ ਨਿਭਾਈ ਗਈ। ਜਿਸ ਦੌਰਾਨ ਉੱਘੇ ਸਮਾਜਸੇਵੀ ਵੀਰ ਪ੍ਰੇਮ ਖੇੜਾ,ਸੁਰਿੰਦਰ ਸਿੰਘ ਗੋਪੀ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸਤਪਾਲ ਦਾਸ, ਤਰਸੇਮ ਸਿੰਘ, ਰਾਜੂ ਯਾਦਵ ਡਰਾਈਵਰ ਆਗੂਆਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਅੱਜ ਦੇ ਨੌਜਵਾਨਾਂ ਨੂੰ ਸਿਖ ਲੈਣਾ ਚਾਹੀਦਾ ਹੈ ਕਿ ਸਾਨੂੰ ਨਸ਼ਿਆਂ ਵਰਗੀ ਬੁਰਾਈਆਂ ਤੋਂ ਦੂਰ ਰਹਿਕੇ ਆਪਣੇ ਧਰਮ ਅਤੇ ਦੇਸ਼ ਦੇ ਪ੍ਰਤੀ ਸੱਚਾਈ ਇਮਾਨਦਾਰੀ ਦੇ ਮਾਰਗ ਤੇ ਡਟੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿੱਚ ਜਿੱਥੇ ਸਭ ਤੋਂ ਵੱਧ ਦਰਦਨਾਕ ਘਟਨਾ ਹੈ। ਉੱਥੇ ਹੀ ਸਾਹਿਬਜ਼ਾਦਿਆਂ ਦੇ ਅੰਦਰ ਜੁਝ ਮਰਨ ਅਤੇ ਸਿੱਖੀ ਸਿਦਕ ਦੀ ਭਾਵਨਾ ਨਾਲ ਜ਼ੁਲਮ ਤੇ ਤਸ਼ੱਦਦ ਵਿਰੁੱਧ, ਧਾਰਮਿਕ ਸੁਤੰਤਰਤਾ ਲਈ ਡਟ ਕੇ ਮੁਕਾਬਲਾ ਕਰਨ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। ਇਸ ਮੌਕੇ ਰਾਜੂ ਯਾਦਵ, ਜੋਗਿੰਦਰ ਸਿੰਘ, ਸੁਰੇਸ਼ ਕੁਮਾਰ, ਰਾਜ ਕੁਮਾਰ, ਸੁਰਜੀਤ ਸਿੰਘ, ਖੁਸ਼ਦੇਵ ਸਿੰਘ, ਬਿੰਦਰ ਸਿੰਘ, ਬਲਵੀਰ ਸਿੰਘ, ਜਗਜੀਤ ਸਿੰਘ ਜੱਗੀ, ਯੋਗਿੰਦਰ ਸਿੰਘ, ਆਲੋਕ ਰਾਮ ਆਦਿ ਹਾਜ਼ਰ ਸਨ।

# ਧਰਮ ਪਰਿਵਰਤਨ ਰੋਕੋ ਲਹਿਰ ਵੱਲੋਂ 25 ਦਸੰਬਰ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨਾਂ 'ਤੇ ਕੱਢੀ ਜਾ ਰਹੀ ਈਸਾਈ ਸਮੁਦਾਇ ਵੱਲੋਂ ਸ਼ੋਭਾ ਯਾਤਰਾ ਸਬੰਧੀ ਗੰਭੀਰ ਚਿੰਤਾ ਜਤਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਪਟਿਆਲਾ ( ) ਬਾਰਾਂਦਰੀ ਵਿਖੇ ਧਰਮ ਪਰਿਵਰਤਨ ਰੋਕੋ ਲਹਿਰ ਦੇ ਸੰਯੋਜਕ ਗੁਰਜੀਤ ਸਿੰਘ ਕੋਹਲੀ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ 25 ਦਸੰਬਰ ਸਿੱਖ ਸਮੁਦਾਇ ਲਈ ਬਹੁਤ ਹੀ ਪਵਿੱਤਰ, ਗੰਭੀਰ ਅਤੇ ਸੰਵੇਦਨਸ਼ੀਲ ਦਿਨ ਹੈ। ਇਸ ਦਿਨ ਕਿਸੇ ਵੀ ਤਰ੍ਹਾਂ ਦੀ ਜਸ਼ਨਾਤਮਕ ਗਤੀਵਿਧੀ ਜਾਂ ਸ਼ੋਭਾ ਯਾਤਰਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੀ ਹੈ।ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਇਸਾਈ ਧਰਮ ਵਿੱਚ "ਸ਼ੋਭਾ ਯਾਤਰਾ" ਜਾਂ ਜਸ਼ਨਾਤਮਕ



ਧਾਰਮਿਕ ਪ੍ਰੋਸੈਸ਼ਨ ਦੀ ਕੋਈ ਪਰੰਪਰਾ ਜਾਂ ਧਾਰਨਾ ਨਹੀਂ ਹੈ। ਵਿਸ਼ਵ ਪੱਧਰ 'ਤੇ ਕਰਿਸਮਸ ਦਿਹਾੜਾ ਪ੍ਰਾਰਥਨਾ, ਚਰਚ ਸੇਵਾਵਾਂ ਅਤੇ ਸ਼ਾਂਤੀ ਦੇ ਸੰਦੇਸ਼ ਨਾਲ ਮਨਾਇਆ ਜਾਂਦਾ ਹੈ। ਇਸ ਲਈ ਕਰਿਸਮਸ ਦੇ ਨਾਂ 'ਤੇ ਸ਼ੋਭਾ ਯਾਤਰਾ ਦੀ ਯੋਜਨਾ ਬਣਾਉਣਾ ਧਾਰਮਿਕ ਤੌਰ 'ਤੇ ਅਸੰਗਤ ਅਤੇ ਸੱਭਿਆਚਾਰਕ ਤੌਰ 'ਤੇ ਅਣਉਚਿਤ ਹੈ। ਗੁਰਜੀਤ ਸਿੰਘ ਕੋਹਲੀ ਨੇ ਦੋ ਟੋਕ ਸ਼ਬਦਾਂ ਵਿੱਚ ਕਿਹਾ ਕਿ ਇਹ ਅਪੀਲ ਕਿਸੇ ਵੀ ਧਰਮ ਦੇ ਵਿਰੋਧ ਵਿੱਚ ਨਹੀਂ, ਸਗੋਂ ਧਾਰਮਿਕ ਸੰਵੇਦਨਸ਼ੀਲਤਾ, ਆਪਸੀ ਸਤਿਕਾਰ ਅਤੇ ਸਮਾਜਿਕ ਸਾਂਝ ਦੀ ਰੱਖਿਆ ਲਈ ਹੈ। ਉਨ੍ਹਾਂ ਨੇ ਸੰਬੰਧਿਤ ਆਯੋਜਕਾਂ ਨੂੰ ਨਿਮਰ ਅਪੀਲ ਕੀਤੀ ਕਿ ਮਿਤੀ 'ਤੇ ਪੁਨਰਵਿਚਾਰ ਕੀਤਾ ਜਾਵੇ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਗਲਤਫ਼ਹਮੀ, ਤਣਾਅ ਜਾਂ ਅਮਨ-ਕਾਨੂੰਨ ਦੀ ਸਥਿਤੀ ਤੋਂ ਬਚਿਆ ਜਾ ਸਕੇ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਕਿ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਗਾਊਂ ਅਤੇ ਰੋਕਥਾਮੀ ਕਦਮ ਚੁੱਕੇ ਜਾਣ, ਤਾਂ ਜੋ ਪੰਜਾਬ ਦੀ ਪਰੰਪਰਾਗਤ ਸ਼ਾਂਤੀ, ਏਕਤਾ ਅਤੇ ਭਾਈਚਾਰੇ ਦੀ ਸਾਂਝ ਕਾਇਮ ਰਹੇ। ਪ੍ਰੈਸ ਕਾਨਫਰੰਸ ਦੇ ਅੰਤ ਵਿੱਚ ਕਿਹਾ ਗਿਆ ਕਿ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਸਹਿਨਸ਼ੀਲਤਾ, ਧਰਮਕ ਆਦਰ ਅਤੇ ਮਨੁੱਖਤਾ ਦਾ ਸੰਦੇਸ਼ ਦਿੰਦੀ ਹੈ, ਜਿਸਨੂੰ ਕਾਇਮ ਰੱਖਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਮੌਕੇ ਐਡਵੋਕੇਟ ਵਿਨੋਦ ਕੁਮਾਰ ਨੱਡਾ, ਗੁਰਜੋਤ ਗੋਲਡੀ, ਅਰਵਿੰਦ ਰਤਨ ਆਦਿ ਮੌਜੂਦ ਸਨ।

# ਸੁਤੰਤਰਤਾ ਸੰਗਰਾਮੀ ਖਜ਼ਾਨ ਸਿੰਘ ਸਰਕਾਰੀ ਹਾਈ ਸਕੂਲ ਬਦਰਾ ਵਿਖੇ, ਮੈਗਾ ਪੀਟੀਐਮ ਕਰਵਾਈ ਗਈ

## ਗੁਣਾਤਮਕ ਸੁਧਾਰਾਂ ਲਈ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਬਰਨਾਲਾ, 20 ਦਸੰਬਰ (): ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਅਤੇ ਉੱਪ-ਜਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ ਸੁਤੰਤਰਤਾ ਸੰਗਰਾਮੀ ਖਜ਼ਾਨ ਸਿੰਘ ਸਰਕਾਰੀ ਹਾਈ ਸਕੂਲ ਬਦਰਾ ਵਿਖੇ ਮੈਗਾ ਪੀਟੀਐਮ (ਮਾਪੇ-ਅਧਿਆਪਕ ਮਿਲਣੀ) ਦਾ ਆਯੋਜਨ ਕੀਤਾ ਗਿਆ। ਵਿਭਾਗ ਦੀਆਂ ਹਦਾਇਤਾਂ ਅਨੁਸਾਰ ਇਸ ਮਾਪੇ-



ਅਧਿਆਪਕ ਮਿਲਣੀ ਦੌਰਾਨ ਮਾਪਿਆਂ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਵੀ ਕੀਤਾ ਗਿਆ। ਮਾਪਿਆਂ ਨੂੰ ਸੰਬੋਧਨ ਕਰਦਿਆਂ ਅਧਿਆਪਕ ਨਿਰਮਲ ਸਿੰਘ ਨੇ ਕਿਹਾ ਕਿ ਮਾਪਿਆਂ ਅਤੇ ਅਧਿਆਪਕਾਂ ਦਾ ਆਪਸੀ ਤਾਲਮੇਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਕੂਲ ਮੁਖੀ ਰਘੁਵੀਰ ਸਿੰਘ ਨੇ ਸਿੱਖਿਆ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਅਤੇ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਹੋਰ ਬਿਹਤਰ ਬਣਾਉਣ ਲਈ ਮਾਪਿਆਂ ਨੂੰ ਹੋਰ ਜਿਆਦਾ ਸਹਿਯੋਗ ਦੇਣ ਲਈ ਅਪੀਲ ਕੀਤੀ। ਜਮਾਤ ਇੰਚਾਰਜ ਅਧਿਆਪਕਾਂ ਵੱਲੋਂ ਜਿੱਥੇ ਮਾਪਿਆਂ ਨੂੰ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਦੱਸਿਆ ਗਿਆ, ਉੱਥੇ ਨਾਲ ਹੀ ਦਾਖਲਾ ਮੁਹਿੰਮ, ਮਿਸ਼ਨ ਸਮਰੱਥ, ਸੀ.ਈ.ਪੀ., ਬੋਰਡ ਜਮਾਤਾਂ ਦੇ 100 ਫੀਸਦੀ ਨਤੀਜੇ ਅਤੇ ਹੋਰ ਗਤੀਵਿਧੀਆਂ ਸਬੰਧੀ ਵੀ ਗੱਲਬਾਤ ਕੀਤੀ ਗਈ ਅਤੇ ਮਾਪਿਆਂ ਤੋਂ ਸਕੂਲ ਨੂੰ ਹੋਰ ਬਿਹਤਰ ਬਣਾਉਣ ਲਈ ਸੁਝਾਅ ਲਏ ਗਏ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਪਰਸਨ ਜਸਵਿੰਦਰ ਕੌਰ, ਉੱਪ-ਚੇਅਰਮੈਨ ਕਮਲਜੀਤ ਕੌਰ, ਸੁਖਜੀਤ ਕੌਰ, ਵਿਵੇਕ, ਜਸਵੀਰ ਕੌਰ, ਸਤਪਾਲ ਕੌਰ, ਵੀਰਪਾਲ ਕੌਰ (ਸਾਰੇ ਮੈਨੇਜਮੈਂਟ ਕਮੇਟੀ ਮੈਂਬਰ), ਸਕੂਲ ਮੁਖੀ ਰਘੁਵੀਰ ਸਿੰਘ, ਅਵਤਾਰ ਸਿੰਘ, ਕੁਲਵਿੰਦਰ ਸਿੰਘ, ਕੁਲਵੰਤ ਸਿੰਘ, ਨਿਰਮਲ ਸਿੰਘ, ਚਿਰਜੋਤ ਸਿੰਘ ਅਤੇ ਹਰਜੀਤ ਸਿੰਘ ਜੋਗਾ ਸਮੇਤ ਸਮੂਹ ਵਿਦਿਆਰਥੀ ਮੌਜੂਦ ਸਨ।

# ਗਣਿਤ: ਜੀਵਨ ਦੀ ਲੋੜ, ਡਰ ਅਤੇ ਸਫਲਤਾ ਦਾ ਰਾਹ- ਲਵਪ੍ਰੀਤ ਸਿੰਘ 9779689984

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਗਣਿਤ ਕੇਵਲ ਅੰਕਾਂ ਅਤੇ ਫਾਰਮੂਲਿਆਂ ਦੀ ਇੱਕ ਖੇਡ ਨਹੀਂ ਹੈ, ਸਗੋਂ ਇਹ ਸਾਡੇ ਰੋਜ਼ਾਨਾ ਜੀਵਨ ਦੀ ਬੁਨਿਆਦ ਹੈ ਜੋ ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਅਸੀਂ ਅਣਜਾਣੇ ਵਿੱਚ ਹੀ ਗਣਿਤਕ ਗਣਾਵਾਂ ਨਾਲ ਘਿਰੇ ਹੁੰਦੇ ਹਾਂ, ਭਾਵੇਂ ਉਹ ਸਮੇਂ ਦਾ ਪ੍ਰਬੰਧਨ ਹੋਵੇ, ਘਰ ਦਾ ਬਜਟ ਬਣਾਉਣਾ ਹੋਵੇ ਜਾਂ ਵਪਾਰਕ ਲੈਣ-ਦੇਣ। ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਅਰਥ ਸ਼ਾਸਤਰ ਵਰਗੇ ਖੇਤਰਾਂ ਵਿੱਚ ਗਣਿਤ ਤੋਂ ਬਿਨਾਂ ਤਰੱਕੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਵਿਦਿਆਰਥੀਆਂ ਵਿੱਚ ਤਰਕਪੂਰਨ ਸੋਚ, ਵਿਸ਼ਲੇਸ਼ਣਾਤਮਕ ਸਮਰੱਥਾ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਹੁਨਰ ਪੈਦਾ ਕਰਦਾ ਹੈ, ਜੋ ਕਿ ਕਿਸੇ ਵੀ ਕਿੱਤੇ ਵਿੱਚ ਸਫਲ ਹੋਣ ਲਈ ਲਾਜ਼ਮੀ ਹਨ। ਪਰ ਵਿਵਹਾਰਕ ਪੱਧਰ 'ਤੇ, ਬਹੁਤ ਸਾਰੇ ਵਿਦਿਆਰਥੀਆਂ ਲਈ ਗਣਿਤ ਇੱਕ ਡਰਾਉਣਾ ਸੁਪਨਾ ਬਣ ਜਾਂਦਾ ਹੈ, ਜਿਸ ਨੂੰ 'ਮੈਥ ਫੋਬੀਆ' ਜਾਂ ਗਣਿਤ ਦਾ ਡਰ ਕਿਹਾ ਜਾਂਦਾ ਹੈ। ਇਹ ਡਰ ਅਕਸਰ ਬਚਪਨ ਵਿੱਚ ਬੁਨਿਆਦੀ ਸੰਕਲਪਾਂ (Concepts) ਦੇ ਸਪੱਸ਼ਟ ਨਾ ਹੋਣ, ਅਧਿਆਪਕਾਂ ਦੇ ਸਖ਼ਤ ਵਤੀਰੇ ਜਾਂ ਸਮਾਜ ਵਿੱਚ ਫੈਲੀ ਇਸ ਧਾਰਨਾ ਕਾਰਨ ਪੈਦਾ ਹੁੰਦਾ ਹੈ ਕਿ ਗਣਿਤ ਇੱਕ ਬਹੁਤ ਹੀ ਔਖਾ ਵਿਸ਼ਾ ਹੈ। ਜਦੋਂ ਇੱਕ ਵਿਦਿਆਰਥੀ ਨੂੰ ਸ਼ੁਰੂਆਤੀ ਪੱਧਰ 'ਤੇ ਜੋੜ-ਘਟਾਓ ਜਾਂ ਗੁਣਾ-ਭਾਗ ਦੇ ਸਿਧਾਂਤ ਸਮਝ ਨਹੀਂ ਆਉਂਦੇ, ਤਾਂ ਉਹ ਹੌਲੀ-ਹੌਲੀ ਇਸ ਵਿਸ਼ੇ ਤੋਂ ਦੂਰ ਭੱਜਣ ਲੱਗਦਾ ਹੈ ਅਤੇ ਪ੍ਰੀਖਿਆਵਾਂ ਦੇ ਦੌਰਾਨ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਨਾਲ ਉਸ ਦੀ ਸਮੁੱਚੀ ਅਕਾਦਮਿਕ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ।

ਗਣਿਤ ਦੇ ਇਸ ਡਰ ਨੂੰ ਦੂਰ ਕਰਨ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੀ ਮਾਨਸਿਕਤਾ ਅਤੇ ਪੜ੍ਹਾਉਣ ਦੇ ਤਰੀਕਿਆਂ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਗਣਿਤ ਨੂੰ ਰੱਟਾ ਮਾਰਨ ਦੀ ਬਜਾਏ, ਇਸ ਨੂੰ ਸਮਝਣ ਅਤੇ ਅਸਲ ਜੀਵਨ ਦੀਆਂ ਉਦਾਹਰਣਾਂ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ। ਅਧਿਆਪਕਾਂ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਵਾਲ ਪੁੱਛਣ ਲਈ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੇ ਮਨਾਂ ਵਿੱਚੋਂ ਗਲਤੀ ਕਰਨ ਦਾ ਡਰ ਕੱਢਣ, ਕਿਉਂਕਿ ਗਣਿਤ ਅਭਿਆਸ ਅਤੇ ਗਲਤੀਆਂ ਤੋਂ ਸਿੱਖਣ ਦਾ ਵਿਸ਼ਾ ਹੈ। ਅਜੋਕੇ ਸਮੇਂ ਵਿੱਚ ਡਿਜੀਟਲ ਟੂਲਸ, ਗਣਿਤਕ ਖੇਡਾਂ (Puzzles) ਅਤੇ ਵਿਜ਼ੂਅਲ ਸਹਾਇਤਾ (Visual Aids) ਰਾਹੀਂ ਗਣਿਤ ਨੂੰ ਬਹੁਤ ਹੀ ਦਿਲਚਸਪ ਬਣਾਇਆ ਜਾ ਸਕਦਾ ਹੈ। ਰੋਜ਼ਾਨਾ ਅਭਿਆਸ ਇਸ ਵਿਸ਼ੇ ਵਿੱਚ ਮੁਹਾਰਤ ਹਾਸਲ ਕਰਨ ਦੀ ਕੁੰਜੀ ਹੈ, ਜਿੰਨਾ ਜ਼ਿਆਦਾ ਵਿਦਿਆਰਥੀ ਆਪਣੇ ਹੱਥੀਂ ਸਵਾਲ ਹੱਲ ਕਰਨਗੇ, ਓਨਾ ਹੀ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧੇਗਾ। ਫਾਰਮੂਲਿਆਂ ਨੂੰ ਰਟਣ ਦੀ ਥਾਂ ਉਹਨਾਂ ਦੇ ਬਣਨ ਦੀ ਪ੍ਰਕਿਰਿਆ ਨੂੰ ਸਮਝਣਾ ਡਰ ਨੂੰ ਜੜ੍ਹ ਤੋਂ ਖਤਮ ਕਰ ਦਿੰਦਾ ਹੈ। ਜੇਕਰ ਅਸੀਂ ਗਣਿਤ ਨੂੰ ਇੱਕ ਚੁਣੌਤੀ ਦੀ ਬਜਾਏ ਇੱਕ ਖੇਡ ਵਜੋਂ ਸਵੀਕਾਰ ਕਰੀਏ, ਤਾਂ ਇਹ ਨਾ ਸਿਰਫ਼ ਸਾਡੇ ਬੁੱਧੀ ਪੱਧਰ ਨੂੰ ਉੱਚਾ ਚੁੱਕਦਾ ਹੈ, ਸਗੋਂ ਜੀਵਨ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਧੀਰਜ ਅਤੇ ਤਰਕ ਨਾਲ ਹੱਲ ਕਰਨ ਦਾ ਸਲੀਕਾ ਵੀ ਸਿਖਾਉਂਦਾ ਹੈ। ਸਪਸ਼ਟ ਸੰਕਲਪ ਅਤੇ ਨਿਰੰਤਰ ਲਗਨ ਨਾਲ ਕੋਈ ਵੀ ਵਿਦਿਆਰਥੀ ਗਣਿਤ ਦੇ ਡਰ ਨੂੰ ਜਿੱਤ ਕੇ ਇਸ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰ ਸਕਦਾ ਹੈ।

# ਗਰੀਬੀ ਅਤੇ ਬਿਮਾਰੀ ਦੀ ਦੋਹਰੀ ਮਾਰ ਝੱਲ ਰਿਹਾ ਪਿੰਡ ਸ਼ੇਰਗੜ੍ਹ ਦਾ ਗੋਪੀ

## ਬਜ਼ੁਰਗ ਮਾਪਿਆਂ ਨੇ ਦਾਨੀ ਸੱਜਣਾਂ ਕੋਲ ਲਾਈ ਮਦਦ ਦੀ ਗੁਹਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 20 ਦਸੰਬਰ ( ਤਰਸੇਮ ਦੀਵਾਨਾ ) -

ਕਹਿੰਦੇ ਹਨ ਕਿ ਗਰੀਬੀ ਇਨਸਾਨ ਦਾ ਇਮਤਿਹਾਨ ਲੈਂਦੀ ਹੈ, ਪਰ ਪਿੰਡ ਸ਼ੇਰਗੜ੍ਹ ਦੇ ਰਹਿਣ ਵਾਲੇ ਲੱਗਭਗ 30 ਸਾਲਾ ਗੋਪੀ ਲਈ ਇਹ ਇਮਤਿਹਾਨ ਬਹੁਤ ਕਠਿਨ ਹੋ ਗਿਆ ਹੈ। ਗੋਪੀ ਦੇ ਬਜ਼ੁਰਗ ਮੰਮੀ ਡੈਡੀ ਨੇ ਰੋਂਦੇ ਵਿਲਕਦਿਆਂ ਹੋਇਆਂ ਦੱਸਿਆ ਕਿ ਗੋਪੀ ਪਿਛਲੇ ਕਾਫੀ ਲੰਬੇ ਸਮੇਂ ਤੋਂ ਇੱਕ ਭਿਆਨਕ ਬਿਮਾਰੀ ਨਾਲ ਜੂਝ ਰਿਹਾ ਹੈ। ਘਰ ਦੀ ਆਰਥਿਕ ਹਾਲਤ ਇੰਨੀ ਮਾੜੀ ਹੈ ਕਿ ਪਰਿਵਾਰ ਕੋਲ ਇਲਾਜ ਕਰਵਾਉਣਾ ਤਾਂ ਦੂਰ ਦੀ ਗੱਲ ਦੋ ਵਕਤ ਦੀ ਰੋਟੀ ਜੁਟਾਉਣੀ ਵੀ ਮੁਸ਼ਕਿਲ ਹੋ ਗਈ ਹੈ।

ਉਹਨਾਂ ਦੱਸਿਆ ਕਿ ਸਾਨੂੰ ਗੋਪੀ ਹੀ ਰੋਟੀ ਦੇ ਰਿਹਾ ਸੀ ਤੇ ਇਹ ਹੁਣ ਖੁਦ ਇੱਕ ਭਿਆਨਕ ਬਿਮਾਰੀ ਨਾਲ ਪੀੜਤ ਹੈ। ਇਸ ਉਮਰ ਵਿੱਚ ਜਿੱਥੇ ਬੱਚਿਆਂ ਨੂੰ ਮਾਪਿਆਂ ਦਾ ਸਹਾਰਾ ਬਣਨਾ ਚਾਹੀਦਾ ਸੀ, ਉੱਥੇ ਇਹ ਬਜ਼ੁਰਗ ਮਾਪੇ ਆਪਣੇ ਪੀੜਤ ਪੁੱਤ ਦੀ ਹਾਲਤ ਦੇਖ ਕੇ ਦਿਨ-ਰਾਤ ਹੰਝੂ ਵਹਾ ਰਹੇ ਹਨ। ਪਰਿਵਾਰ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਹੈ, ਜਿਸ ਕਾਰਨ ਗੋਪੀ ਦਾ ਇਲਾਜ ਕਰਵਾਉਣਾ ਹੁਣ ਸੰਭਵ ਨਹੀਂ ਹੈ।

ਗੋਪੀ ਦੇ ਬਜ਼ੁਰਗ ਮਾਪਿਆਂ ਨੇ ਰੋਂਦਿਆ ਹੋਇਆ ਦੱਸਿਆ ਕਿ ਉਨ੍ਹਾਂ ਨੇ ਆਪਣੀ ਹਿੰਮਤ ਅਨੁਸਾਰ ਇਲਾਜ ਬਹੁਤ ਕਰਵਾਇਆ, ਪਰ ਹੁਣ ਹਾਲਾਤ ਵੱਸ ਤੋਂ ਬਾਹਰ ਹਨ।



ਉਨ੍ਹਾਂ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ, ਸਮਾਜ ਸੇਵੀ ਸੰਸਥਾਵਾਂ ਅਤੇ ਦੇਸ਼-ਵਿਦੇਸ਼ ਵਿੱਚ ਬੈਠੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪੁੱਤ ਦੀ ਜਾਨ ਬਚਾਉਣ ਲਈ ਮਾਲੀ ਮਦਦ ਕੀਤੀ ਜਾਵੇ ਤਾਂ ਜੋ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਉਹਨਾਂ ਕਿਹਾ ਕਿ ਸਾਡਾ ਪੁੱਤ ਸਾਡੀਆਂ ਅੱਖਾਂ ਸਾਹਮਣੇ ਦਮ ਤੋੜ ਰਿਹਾ ਹੈ, ਪਰ ਸਾਡੇ ਹੱਥ ਖਾਲੀ ਹਨ । ਅਸੀਂ ਸਭ ਦਾਨੀ ਸੱਜਣਾ ਅੱਗੇ ਹੱਥ ਜੋੜਦੇ ਹਾਂ ਕਿ ਸਾਡੀ ਮਦਦ ਕੀਤੀ ਜਾਵੇ।

### ਮਦਦ ਲਈ ਸੰਪਰਕ ਕਰੋ :-

ਜੇਕਰ ਕੋਈ ਦਾਨੀ ਸੱਜਣ ਜਾਂ ਸੰਸਥਾ ਇਸ ਪਰਿਵਾਰ ਦੀ ਮਦਦ ਕਰਨਾ ਚਾਹੁੰਦੀ ਹੈ, ਤਾਂ ਉਹ ਸਿੱਧਾ ਪਿੰਡ ਸ਼ੇਰਗੜ੍ਹ ਵਿਖੇ ਪਰਿਵਾਰ ਨਾਲ ਉਹਨਾਂ ਦੇ ਇਸ ਨੰਬਰ ਤੇ 8968239722 ਸੰਪਰਕ ਕਰ ਸਕਦਾ ਹੈ। ਤੁਹਾਡੀ ਇੱਕ ਛੋਟੀ ਜਿਹੀ ਮਦਦ ਇੱਕ ਨੌਜਵਾਨ ਦੀ ਜਾਨ ਬਚਾ ਸਕਦੀ ਹੈ ਅਤੇ ਇੱਕ ਬਜ਼ੁਰਗ ਪਰਿਵਾਰ ਦਾ ਚਿਰਾਗ ਰੌਸ਼ਨ ਰੱਖ ਸਕਦੀ ਹੈ।

# ਸੱਤ ਸਾਲਾਂ ਬਾਅਦ ਮੁਲਜ਼ਮ ਨੂੰ ਡਿਫਾਲਟ ਜ਼ਮਾਨਤ, ਹਾਈ ਕੋਰਟ ਦੇ ਹੁਕਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਰਾਜਾ ਸਾਂਸੀ ਗ੍ਰਨੇਡ ਹਮਲੇ ਨੂੰ ਲਗਭਗ ਸੱਤ ਸਾਲ ਬੀਤ ਜਾਣ ਮਗਰੋਂ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦੋਸ਼ੀ ਅਵਤਾਰ ਸਿੰਘ ਨੂੰ ਡਿਫਾਲਟ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ। ਡਿਵੀਜ਼ਨ ਬੈਂਚ ਨੇ ਕਿਹਾ ਕਿ ਕਾਨੂੰਨੀ ਮਿਆਦ ਦੇ ਅੰਦਰ ਚਲਾਨ ਦਾਇਰ ਨਾ ਹੋਣ ਕਾਰਨ ਦੋਸ਼ੀ ਡਿਫਾਲਟ ਜ਼ਮਾਨਤ ਦਾ ਹੱਕਦਾਰ ਬਣ ਗਿਆ ਸੀ। ਅਦਾਲਤ ਨੇ 2019 ਵਿੱਚ ਡਿਫਾਲਟ ਜ਼ਮਾਨਤ ਅਰਜ਼ੀ ਰੱਦ ਕਰਨ ਦੇ ਹੁਕਮ ਨੂੰ ਰੱਦ ਕਰਦਿਆਂ ਤੁਰੰਤ ਰਿਹਾਈ ਦੇ ਨਿਰਦੇਸ਼ ਦਿੱਤੇ।

ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਜਾਂਚ ਦੀ ਮਿਆਦ 90 ਤੋਂ 180 ਦਿਨ ਕਰਨ ਵਾਲਾ ਹੁਕਮ ਬਾਅਦ ਵਿੱਚ ਰੱਦ ਹੋ ਚੁੱਕਾ ਸੀ, ਇਸ ਲਈ ਦੋਸ਼ੀ ਨੂੰ ਕਾਨੂੰਨੀ ਤੌਰ 'ਤੇ ਜ਼ਮਾਨਤ ਮਿਲਣੀ ਚਾਹੀਦੀ ਸੀ। ਅਦਾਲਤ ਨੇ ਇਹ ਵੀ ਕਿਹਾ ਕਿ ਕਾਨੂੰਨੀ ਮਿਆਦ ਪੂਰੀ ਹੋਣ ਤੋਂ ਬਾਅਦ ਡਿਫਾਲਟ ਜ਼ਮਾਨਤ ਦਾ ਅਧਿਕਾਰ ਅਟੱਲ ਹੋ ਜਾਂਦਾ ਹੈ ਅਤੇ ਬਾਅਦ ਦੀ ਕਾਰਵਾਈ ਨਾਲ ਖਤਮ ਨਹੀਂ ਕੀਤਾ ਜਾ ਸਕਦਾ।

ਬਚਾਅ ਪੱਖ ਨੇ ਦਲੀਲ ਦਿੱਤੀ ਕਿ ਅਵਤਾਰ ਸਿੰਘ ਲਗਭਗ ਸੱਤ ਸਾਲਾਂ ਤੋਂ ਜੇਲ੍ਹ ਵਿੱਚ ਸੀ ਅਤੇ ਸਹਿ-ਦੋਸ਼ੀ ਨੂੰ ਪਹਿਲਾਂ ਹੀ ਡਿਫਾਲਟ ਜ਼ਮਾਨਤ ਮਿਲ ਚੁੱਕੀ ਹੈ। ਇਸ ਆਧਾਰ 'ਤੇ ਅਦਾਲਤ ਨੇ ਕਿਹਾ ਕਿ ਦੋਹਾਂ ਦੀ ਸਥਿਤੀ ਇੱਕੋ ਜਿਹੀ ਹੈ ਅਤੇ ਅਵਤਾਰ ਸਿੰਘ ਵੀ ਉਸੇ ਰਾਹਤ ਦਾ ਹੱਕਦਾਰ ਹੈ।

ਇਹ ਮਾਮਲਾ 2018 ਵਿੱਚ ਦਰਜ ਐਫਆਈਆਰ ਨਾਲ ਸਬੰਧਤ ਹੈ, ਜਿਸ ਵਿੱਚ ਸਤਿਸੰਗ ਦੌਰਾਨ ਗ੍ਰਨੇਡ ਹਮਲੇ ਵਿੱਚ ਤਿੰਨ ਲੋਕਾਂ ਦੀ ਮੌਤ ਅਤੇ ਕਈਆਂ ਦੇ ਜ਼ਖਮੀ ਹੋਣ ਦਾ ਦੋਸ਼ ਲਗਾਇਆ ਗਿਆ ਸੀ।

# ਮੈਗਾ ਪੀਟੀਐੱਮ ਵਿੱਚ ਵੱਡੇ ਉਤਸ਼ਾਹ ਨਾਲ ਮਾਪਿਆਂ ਨੇ ਕੀਤੀ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com



ਮੋਹਾਲੀ ਮਿਤੀ 20 ਦਸੰਬਰ () ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਤਹਿਤ,ਮਾਨਯੋਗ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਮਾਨ ਜੀ ਦੂਰ ਅੰਦੇਸ਼ੀ ਸੋਚ ਸਦਕਾ,ਸਿੱਖਿਆ ਮੰਤਰੀ ਪੰਜਾਬ ਸ਼੍ਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਇੱਥੇ ਜ਼ਿਲ੍ਹਾ ਮੋਹਾਲੀ ਦੇ ਸਮੂਹ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮੈਗਾ ਪੀਟੀਐੱਮ ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਡਾ.ਗਿੰਨੀ ਦੁੱਗਲ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਦਰਸ਼ਨਜੀਤ ਸਿੰਘ ਦੀ ਜ਼ਿਲ੍ਹੇ ਦੀ ਸਮੁੱਚੀ ਟੀਮਾਂ ਦੇ ਯਤਨਾਂ ਸਦਕਾ ਪ੍ਰਾਇਮਰੀ ਦੇ 438 ਅਤੇ ਅੱਪਰ ਪ੍ਰਾਇਮਰੀ ਦੇ 210 ਸਕੂਲਾਂ ਵਿੱਚ ਵੱਡੀ ਗਿਣਤੀ ਅਤੇ ਵੱਡੇ ਉਤਸ਼ਾਹ ਨਾਲ ਮਾਪਿਆਂ ਨੇ ਸ਼ਿਰਕਤ ਕੀਤੀ। ਵਧੇਰੇ ਜਾਣਕਾਰੀ ਦਿੰਦਿਆਂ ਸੈਕੰਡਰੀ ਵਿਭਾਗ ਤੋਂ ਡਿਪਟੀ ਡੀਈਓ ਅੰਗਰੇਜ਼ ਸਿੰਘ ਅਤੇ ਐਲੀਮੈਂਟਰੀ ਵਿਭਾਗ ਤੋਂ ਡਿਪਟੀ ਡੀਈਓ ਪਰਮਿੰਦਰ ਕੌਰ ਨੇ ਸਾਂਝੇ ਤੌਰ ਤੇ ਦੱਸਿਆ ਕਿ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪਿਛਲੇ ਦਿਨਾਂ ਤੋਂ ਹਰ ਤਰ੍ਹਾਂ ਦੀ ਤਿਆਰੀ ਕੀਤੀ ਗਈ ਤਾਂ ਕਿ ਇਸ ਮੀਟਿੰਗ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ ਵੀ ਕੀਤਾ ਗਿਆ ਜਿਸ ਵਿੱਚ ਮਾਪਿਆਂ ਨੂੰ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੁਆਰਾ ਚਲਾਈ ਜਾ ਰਹੀਆਂ ਗਤੀਵਿਧੀਆਂ,ਯੋਜਨਾਵਾਂ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਬੱਚਿਆਂ ਦੇ ਮਾਪਿਆਂ ਤੋਂ ਸੁਝਾਅ ਪ੍ਰਾਪਤ ਕਰਨ ਲਈ ਵੀ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ ਸੀ ਜਿੱਥੇ ਮਾਪੇ ਆਪਣੇ ਬੱਚਿਆਂ ਅਤੇ ਸਕੂਲ ਪ੍ਰਤੀ ਸੁਝਾਅ ਦਿੰਦੇ ਨਜ਼ਰ ਆਏ। ਮਾਪਿਆਂ ਨੂੰ ਉਹਨਾਂ ਦੇ ਬੱਚਿਆਂ ਦੀ ਹਰ ਤਰ੍ਹਾਂ ਦੀ ਕਾਰਗੁਜ਼ਾਰੀ ਸਾਂਝੀ ਕਰਦਿਆਂ ਜਮਾਤ ਇੰਚਾਰਜ ਅਧਿਆਪਕਾਂ ਨੇ ਵੱਡੀ ਮਿਹਨਤ ਨਾਲ ਕੰਮ ਕੀਤਾ ਗਿਆ ਹੈ। ਇਸ ਮੌਕੇ ਸਕੂਲ ਮੁਖੀਆਂ ਵੱਲੋਂ ਵੀ ਮਾਪਿਆਂ ਨਾਲ ਖ਼ਾਸ ਤੌਰ ਤੇ ਵਿਚਾਰ ਚਰਚਾ ਕੀਤੀ ਗਈ ਹੈ। ਸਕੂਲ ਪ੍ਰਬੰਧਕਾਂ ਵੱਲੋਂ ਸਮੂਹ ਮਾਪਿਆਂ ਅਤੇ ਪਤਵੰਤਿਆਂ ਦਾ ਸਵਾਗਤ ਕਰਨ ਲਈ ਵੱਖ ਵੱਖ ਢੰਗ ਵਰਤ ਕੇ ਮਾਪਿਆਂ ਨੂੰ ਸਕੂਲ ਨਾਲ ਜੋੜਨ ਵਿੱਚ ਵੱਡਾ ਯੋਗਦਾਨ ਪਾਇਆ। ਡੀਈਓ ਸੈਕੰਡਰੀ ਅਤੇ ਐਲੀਮੈਂਟਰੀ, ਡਿਪਟੀ ਡੀਈਓ ਸੈਕੰਡਰੀ ਅਤੇ ਐਲੀਮੈਂਟਰੀ,ਬਲਾਕ ਨੋਡਲ ਅਫ਼ਸਰਾਂ,ਬੀਪੀਈਓਜ਼,ਕਲੱਸਟਰ ਸਕੂਲ ਮੁਖੀਆਂ ਅਤੇ ਹੋਰਨਾਂ ਟੀਮ ਮੈਂਬਰਾਂ ਵੱਲੋਂ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿੱਚ ਸ਼ਿਰਕਤ ਕਰਕੇ ਮਾਪਿਆਂ ਨਾਲ ਵਿਚਾਰ ਚਰਚਾ ਵਿੱਚ ਭਾਗ ਲਿਆ।

# *ਜ਼ਿਲ੍ਹਾ ਸਿੱਖਿਆ ਅਫ਼ਸਰ ਈ ਈ ਪਟਿਆਲਾ ਨੇ ਮੈਗਾ ਪੀਟੀਐਮ ਮੌਕੇ ਪ੍ਰਾਇਮਰੀ ਸਕੂਲ ਬਖਸ਼ੀਵਾਲਾ ਦਾ ਦੌਰਾ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com




ਪਟਿਆਲਾ ਜਗਤਾਰ ਭੱਟੀ/ਬੇਅੰਤ ਰੋਹਟੀ --ਅੱਜ 20 ਦਸੰਬਰ 2025 ਨੂੰ ਸਰਕਾਰੀ ਐਲੀਮੈਂਟਰੀ ਸਕੂਲ ਬਖਸ਼ੀਵਾਲਾ ਵਿਖੇ ਮੈਗਾ ਪੀਟੀਐਮ ਦੌਰਾਨ ਡੀ ਈ ਓ ਪ੍ਰਾਇਮਰੀ ਸਿੱਖਿਆ ਪਟਿਆਲਾ ਸ਼੍ਰੀਮਤੀ ਸ਼ਾਲੂ ਮਹਿਰਾ ਜੀ ਵੱਲੋਂ ਸਕੂਲ ਵਿਜਿਟ ਕੀਤਾ ਗਿਆ ਸ਼ਾਲੂ ਮਹਿਰਾ ਜੀ ਵੱਲੋਂ ਮੀਟਿੰਗ ਵਿੱਚ ਪਹੁੰਚੇ ਮਾਪਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ। ਉਹਨਾਂ ਨੇ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਮਾਪਿਆਂ ਨੂੰ ਜਾਣਕਾਰੀ ਦਿੱਤੀ, ਐਸਐਮਸੀ ਕਮੇਟੀਆਂ ਦੀਆਂ ਜਿੰਮੇਵਾਰੀਆਂ ਬਾਰੇ ਗੱਲਬਾਤ ਕੀਤੀ। ਮਾਪਿਆਂ ਤੋਂ ਹੋਰ ਬਿਹਤਰੀ ਲਈ ਚੰਗੇ ਸੁਝਾਅ ਪ੍ਰਾਪਤ ਕੀਤੇ, ਮਾਪਿਆਂ ਤੋਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਪੁੱਛਿਆ ਗਿਆ। ਇਸ ਮੌਕੇ ਸ ਹਰਵਿੰਦਰ ਸਿੰਘ ਸੈਂਟਰ ਹੈਡ ਟੀਚਰ ਵੱਲੋਂ ਡੀਈਓ ਮੈਡਮ ਦਾ ਵਿਸ਼ੇਸ਼ ਤੌਰ ਤੇ ਪਹੁੰਚਣ ਤੇ ਧੰਨਵਾਦ ਕੀਤਾ ਗਿਆ ਅਤੇ ਮਾਪਿਆਂ ਤੋਂ ਮਿਲ ਰਹੇ ਵਡਮੁੱਲੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ ਤੇ ਭਵਿੱਖ ਵਿੱਚ ਵੀ ਇਹ ਸਹਿਯੋਗ ਜਾਰੀ ਰੱਖਣ ਦੀ ਉਮੀਦ ਕੀਤੀ ਗਈ ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਰਿਹਾ।

# ਮੰਤਰੀਆਂ,ਵਿਧਾਇਕਾਂ ਦੇ ਜਾਂਦੇ ਕਾਫਲੇ ਦੇ ਅੱਗੇ ਹੂਟਰ ਮਾਰਦੀਆਂ ਗੱਡੀਆਂ ਲੋਕਾਂ ਨੂੰ ਸਮੱਸਿਆਵਾਂ ਪੈਦਾ ਕਰਦੀਆਂ ਹਨ : ਬੇਗਮਪੁਰਾ ਟਾਈਗਰ ਫੋਰਸ

## ਪੰਜਾਬ ਦੇ ਲੋਕ ਆਪ ਦੇ ਕਾਰਜਕਾਲ ਦੌਰਾਨ ਵੱਡੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ : ਹੈਪੀ,ਸਤੀਸ਼, ਬੰਟੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 20 ਦਸੰਬਰ ( ਤਰਸੇਮ ਦੀਵਾਨਾ ) - ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ, ਅਨਿਲ ਕੁਮਾਰ ਬੰਟੀ ਹਲਕਾ ਪ੍ਰਧਾਨ ਹਰਿਆਣਾ ਭੂੰਗਾ, ਵਿਪਨ ਕੁਮਾਰ ਬਿਹਾਲਾ ਉੱਪ ਪ੍ਰਧਾਨ ਹਲਕਾ ਚੱਬੇਵਾਲ ਤੇ ਜੱਗੀ ਜਗਰਾਉ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਜੋ ਕਿ ਵੀਆਈਪੀ ਕਲਚਰ ਖ਼ਤਮ ਕਰਨ ਦੀਆਂ ਗੱਲਾਂ ਕਰਦੀ ਸੀ ਤੇ ਹੁਣ ਆਪ ਵੀ ਰਵਾਇਤੀ ਪਾਰਟੀਆਂ ਦੀ ਤਰਾਂ ਵੀਆਈਪੀ ਕਲਚਰ ਦੀਆਂ ਲੀਹਾਂ ‘ਤੇ ਚੱਲੀ ਹੋਈ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੋ ਕਿ ਪਿਛਲੀਆਂ ਸਰਕਾਰਾਂ ਦੇ ਲੀਡਰਾਂ ਨੂੰ ਫੋਟੋਆਂ ਵਾਲੇ ਆਗੂ ਸੰਬੋਧਨ ਕਹਿਕੇ ਮਜ਼ਾਕ ਕਰਦੇ ਸਨ। ਹੁਣ ਮੁੱਖ ਮੰਤਰੀ ਬਣਨ ਤੋਂ ਬਾਅਦ ਉਹੀ ਭਗਵੰਤ ਮਾਨ ਦੀਆਂ ਥਾਂ-ਥਾਂ ਉੱਤੇ ਲੱਗੀਆਂ ਫੋਟੋਆਂ ਦੇਖ ਕੇ ਇੰਝ ਲੱਗਦਾ ਹੈ ਕਿ ਇਹ ਪਾਰਟੀ ਵੀ ਰਵਾਇਤੀ ਪਾਰਟੀਆਂ ਦੀ ਤਰਾਂ ਹੀ ਵਿਚਰ ਰਹੀ ਹੈ । ਉਹਨਾਂ ਕਿਹਾ ਕਿ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਹੋਰ ਆਗੂਆਂ ਨਾਲ ਜਾਂਦੇ ਕਾਫਲੇ ਤੇ ਅੱਗੇ ਪੁਲਿਸ ਅਧਿਕਾਰੀਆਂ ਦੀਆ ਹੂਟਰ ਮਾਰਦੀਆਂ ਗੱਡੀਆਂ ਲੋਕਾਂ ਨੂੰ ਬੇਵਜ੍ਹਾ ਸਮੱਸਿਆਵਾਂ ਪੈਦਾ ਕਰਦੀਆਂ ਹਨ ਤੇ ਕਈ ਕਈ ਘੰਟਿਆਂ ਦੇ ਜਾਮ ਦਾ ਪਹਿਲਾਂ ਦੀ ਤਰ੍ਹਾਂ ਲੋਕਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ । ਉਹਨਾਂ ਕਿਹਾ ਕਿ ਮੰਨਿਆ ਕਿ ਸਰਕਾਰ ਦੇ ਆਗੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਪਹਿਲ ਦੇ ਆਧਾਰ ਤੇ ਰੱਖਣਾ ਪੈਂਦਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਹ ਵੀਆਈਪੀ ਕਲਚਰ ਤੋਂ ਬਿਲਕੁੱਲ ਦੂਰ ਰਹੇਗੀ ਤੇ ਨਵੀਆਂ ਪਾਲਸੀਆਂ ਲੈ ਕੇ ਆਵੇਗੀ ਅਤੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਤੇ ਹੁਣ ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਕੁਝ ਵੀ ਦੇਖਣ ਨੂੰ ਨਹੀਂ ਮਿਲ ਰਿਹਾ ! ਉਹਨਾਂ ਕਿਹਾ ਕਿ ਲੋਕਾਂ ਦੀ ਸ਼ਰੇਆਮ ਲੁੱਟ ਖਸੁੱਟ ਜਾਰੀ ਹੈ ਅਤੇ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਵੱਡੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ।

# ਮਾਪੇ-ਅਧਿਆਪਕ ਮਿਲਣੀ: ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਉਪਰਾਲਿਆਂ ‘ਤੇ ਪਾਈ ਝਾਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com



ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ. ਸੁਨੀਤਇੰਦਰ ਸਿੰਘ ਦੀ ਅਗਵਾਈ ਤੇ ਨਿਗਰਾਨੀ ਹੇਠ ਵੱਖ ਵੱਖ ਟੀਮਾ ਵੱਲੋਂ ਸਕੂਲਾਂ ਵਿੱਚ ਸ਼ਿਰਕਤ ਕੀਤੀ ਗਈ।

ਜ਼ਿਲ੍ਹਾ ਸਿੱਖਿਆ ਅਫ਼ਸਰ ਸ.ਸੁਨੀਤਇੰਦਰ ਸਿੰਘ ਨੇ ਦੱਸਦਿਆਂ ਕਿਹਾ ਕਿ ਮਾਪੇ-ਅਧਿਆਪਕ ਮਿਲਣੀ ਦਾ ਮੁੱਖ ਮਕਸਦ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਬਿਹਤਰ ਤਾਲਮੇਲ ਬਣਾਉਣਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਗੁਣਾਤਮਿਕ ਵਿੱਦਿਆ ਪ੍ਰਦਾਨ ਕਰਕੇ ਉਹਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਉਹਨਾਂ ਕਿਹਾ ਕਿ ਮਾਪੇ ਅਧਿਆਪਕ ਮਿਲਣੀ ਦੌਰਾਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਸਾਂਝੀ ਕੀਤੀ ਗਈ, ਵਿਭਾਗ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਦੱਸਿਆ ਗਿਆ, ਸਰਕਾਰੀ ਸਕੂਲਾਂ ਦੇ ਬੇਹਤਰੀਨ ਬੁਨਿਆਦੀ ਢਾਂਚੇ, ਵੱਖ ਵੱਖ ਲੈਬਾਂ, ਵਜ਼ੀਫਿਆਂ, ਬੱਚਿਆਂ ਬਾਰੇ ਦੱਸਿਆ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ। ਇਸ ਸਮੇਂ ਸਸਸਸ ਹਰੀਗੜ੍ਹ ਵਿਖੇ ਸੈਲਫੀ ਖਿੱਚ ਕੇਂਦਰ ਰਹੀ। ਸਹਸ ਭੱਠਲਾਂ ਵਿਖੇ ਮਾਪੇ ਅਧਿਆਪਕ ਚਰਚਾ ਸ਼ਲਾਘਾਯੋਗ ਰਹੀ। ਸਸਸਸ ਕੱਟੂ ਵਿਖੇ ਮਾਪੇ ਅਧਿਆਪਕ ਵਿਦਿਆਰਥੀ ਪਰਸਪਰ ਪ੍ਰਭਾਵ ਵਧੀਆ ਸੀ । ਸਸਸਸ ਦਾਨਗੜ੍ਹ ਵਿਦਿਆਰਥੀਆਂ ਦੇ ਪੜਾਈ ਤੋ ਇਲਾਵਾ ਕਲਾਤਮਿਕ ਪੱਖਾਂ ਤੇ ਚਰਚਾ ਹੋਈ। ਸਸਸਸ ਮੁੰਡੇ ਧਨੌਲਾ ਪ੍ਰੀਖਿਆਂ ਪੇ ਚਰਚਾ ਪ੍ਰਭਾਵਸ਼ਾਲੀ ਸੀ। ਸਸਸਸ ਲੜਕੀਆਂ ਧਨੌਲਾ ਵਿਖੇ ਮਾਪੇ ਅਧਿਆਪਕ ਮਿਲਣੀ ਬੋਰਡ ਦੀ ਸਜਾਵਟ ਸ਼ਲਾਘਾਯੋਗ ਸੀ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਸਿ ਬਰਨਾਲਾ ਸ.ਬਰਜਿੰਦਰਪਾਲ ਸਿੰਘ,ਸਕੂਲ ਇੰਚਾਰਜ ਸ਼੍ਰੀਮਤੀ ਸੁਰਜੀਤ ਕੌਰ , ਸ਼੍ਰੀਮਤੀ ਅਮਨਦੀਪ ਕੌਰ , ਸ.ਰੁਪਿੰਦਰ ਸਿੰਘ, ਸ.ਗੁਰਜਿੰਦਰ ਸਿੰਘ , ਸ਼੍ਰੀਮਤੀ ਹਰਪ੍ਰੀਤ ਕੌਰ , ਸ਼੍ਰੀਮਤੀ ਸੁਖਵਿੰਦਰ ਕੌਰ , ਅੰਤਰਜੀਤ ਭੱਠਲ ਅਤੇ ਸਟਾਫ਼ ਮੈਬਰਜ ਹਾਜ਼ਰ ਰਹੇ। ਐਸਐਮਸੀ ਮੈਂਬਰਾਂ, ਪਤਵੰਤਿਆਂ ਤੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਸਕੂਲ ਵਿੱਚ ਰੋਜ਼ਾਨਾ ਹਾਜ਼ਰੀ ਯਕੀਨੀ ਬਣਾਉਣ ਅਤੇ ਦਾਖ਼ਲਾ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਦਾਖ਼ਲੇ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ।

# ਰਘਬੀਰ ਸਿੰਘ ਮਲਕਪੁਰ ਵੱਲੋਂ ਵੋਟਰਾਂ ਤੇ ਢਿੱਲੋਂ ਦਾ ਵਿਸ਼ੇਸ਼ ਧੰਨਵਾਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਲਾਲੜੂ 20 ਦਸੰਬਰ 2025: ਮਲਕਪੁਰ ਜੋਨ ਤੋਂ ਕਾਂਗਰਸ ਦੇ ਉਮੀਦਵਾਰ ਰਘਬੀਰ ਸਿੰਘ ਮਲਕਪੁਰ ਦੇ ਬਲਾਕ ਸੰਮਤੀ ਚੋਣ ਵਿੱਚ ਜਿੱਤ ਪ੍ਰਾਪਤ ਕਰਨ ਨਾਲ ਜਿੱਥੇ ਕਾਂਗਰਸੀ ਖੇਮੇ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਪਿੰਡ ਵਾਸੀ ਵੀ ਬਹੁਤ ਖੁਸ਼ ਹਨ। ਆਪਣੀ ਜਿੱਤ ਉਪਰੰਤ ਰਘੁਬੀਰ ਸਿੰਘ ਮਲਕਪੁਰ ਨੇ ਦੱਸਿਆ ਕਿ ਉਨ੍ਹਾਂ ਨੂੰ ਦੀਪਇੰਦਰ ਸਿੰਘ ਢਿੱਲੋਂ ਵੱਲੋਂ ਮਲਕਪੁਰ ਜ਼ੋਨ ਤੋਂ ਬਲਾਕ ਸੰਮਤੀ ਚੋਣ ਲਈ ਚੁਣਿਆ ਗਿਆ ਸੀ, ਜਿਨ੍ਹਾਂ ਦੇ ਯੋਗ ਅਗਵਾਈ ਅਤੇ ਯਤਨਾਂ ਸਦਕਾ ਉਨ੍ਹਾਂ ਦੀ ਜਿੱਤ ਹੋਈ ਹੈ। ਰਘਬੀਰ ਸਿੰਘ ਨੇ ਆਪ



ਦੇ ਉਮੀਦਵਾਰ ਨੂੰ 157 ਵੋਟਾਂ ਨਾਲ ਹਰਾ ਕੇ ਚੋਣ ਜਿੱਤੀ ਹੈ

# ਗੈਸ ਗੀਜ਼ਰ ਦੀ ਵਰਤੋਂ ਲਈ ਸਾਵਧਾਨੀਆਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਲੁਧਿਆਣਾ (ਗੁਰਦੀਪ ਸਿੰਘ) ਗੈਸ ਗੀਜ਼ਰ ਕਰਕੇ ਹੋਣ ਵਾਲੇ ਹਾਦਸਿਆਂ ਨੂੰ ਕਿਵੇਂ ਟਾਲਿਆ ਜਾਏ ?

ਸੰਭਾਵਿਤ ਖਤਰਿਆਂ ਅਤੇ ਸਾਵਧਾਨੀਆਂ ਬਾਰੇ ਮਾਹਰਾਂ ਨੇ ਦਿਤੇ ਸੁਝਾਅ :-

ਗੈਸ ਗੀਜ਼ਰ ਤੇ ਸਿਲੰਡਰ ਨੂੰ ਬਾਥਰੂਮ ਦੇ ਬਾਹਰ ਹੀ ਲਗਵਾਓ ਅਤੇ ਪਾਈਪ ਰਾਹੀਂ ਹੀ ਗਰਮ ਪਾਣੀ ਨੂੰ ਬਾਥਰੂਮ ਅੰਦਰ ਲਿਜਾਇਆ ਜਾਣਾ ਚਾਹੀਦਾ ਹੈ।

ਬਾਥਰੂਮ ਹਵਾਦਾਰ ਹੋਣਾ ਜ਼ਰੂਰੀ ਹੈ।ਇਸ ਨਾਲ ਆਕਸੀਜ਼ਨ ਦੀ ਘਾਟ ਨਹੀਂ ਹੁੰਦੀ ਤੇ ਗੈਸਾਂ ਵਾਤਾਵਰਣ ਚ ਫੈਲ ਜਾਂਦੀਆਂ ਹਨ।

ਗੈਸ ਗੀਜ਼ਰ ਨੂੰ ਸਿਰਫ ਲੋੜ ਵੇਲੇ ਹੀ ਚਾਲੂ ਕਰੋ।

ਗੀਜ਼ਰ ਦੀ ਸਮੇਂ-ਸਮੇਂ ਤੇ ਜਾਂਚ ਕਰਵਾਉਂਦੇ ਰਹੋ ਅਤੇ ਖਰਾਬੀ ਹੋਣ ਤੇ ਤੁਰੰਤ ਸਹੀ ਕਰਵਾਓ।

ਗੈਸ ਗੀਜ਼ਰ ਖਰੀਦਣ ਤੋਂ ਪਹਿਲਾਂ ਚੰਗੀ ਤਰ੍ਹਾਂ ਜਾਂਚ ਕਰੋ। ਗੈਸ ਗੀਜ਼ਰ ਕਾਰਬਨ ਮੋਨੋਆਕਸਾਈਡ ਪੈਦਾ ਕਰਦਾ ਹੈ। ਗੰਧ ਰਹਿਤ ਹੋਣ ਦੇ ਨਾਲ ਨਾਲ ਕਾਰਬਨ ਮੋਨੋਆਕਸਾਈਡ ਵੀ ਰੰਗਹੀਣ ਹੈ , ਇਸ ਲਈ ਇਸਦੇ ਲੀਕ ਹੋਣ ਤੇ ਧਿਆਨ ਨਹੀਂ ਦਿੱਤਾ ਜਾਂਦਾ ਹੈ।

ਕਾਰਬਨ ਮੋਨੋਕਸਾਈਡ ਖਤਰਨਾਕ ਹੋ ਸਕਦੀ ਹੈ , ਕਿਉਂਕਿ ਇਸ ਨੂੰ ਸਾਹ ਲੈਣ ਦੇ ਕੁਝ ਮਿੰਟਾਂ ਦੇ ਅੰਦਰ , ਇੱਕ ਵਿਅਕਤੀ ਨੂੰ ਚੱਕਰ ਆ ਸਕਦਾ ਹੈ ਅਤੇ ਛੇਤੀ ਹੀ



ਬੇਹੋਸ਼ ਹੋ ਸਕਦਾ ਹੈ । ਜੇਕਰ ਕੋਈ ਵਿਅਕਤੀ ਇਸ ਤੋਂ ਪ੍ਰਭਾਵਿਤ ਹੈ ਤਾਂ ਉਸਨੂੰ ਜਲਦੀ ਤੋਂ ਜਲਦੀ ਡਾਕਟਰ ਕੋਲ ਲੈ ਜਾਓ ਕਿਉਂਕਿ ਕਾਰਬਨ ਮੋਨੋਆਕਸਾਈਡ ਜ਼ਹਿਰ ਦਾ ਕੋਈ ਘਰੇਲੂ ਉਪਾਅ ਨਹੀਂ ਹੈ।

# ਸ਼ੋਕ ਸਮਾਚਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਦਸੰਬਰ
INTERNATIONAL PAPER, 94636 01616
hardipchumber57@gmail.com

ਫਗਵਾੜਾ (ਸ਼ਿਵ ਕੌੜਾ) ਸਮਾਜ ਸੇਵਕ ਰਮਨ ਨਹਿਰਾ ਦੇ ਪਿਤਾ ਰਾਜ ਪਾਲ ਨਹਿਰਾ ਦਾ 16 ਦਸੰਬਰ ਨੂੰ ਦਿਹਾਂਤ ਹੋ ਗਿਆ ਸੀ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ,ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਅਤੇ ਰਸਮ ਪਗੜੀ ਐਤਵਾਰ 21 ਦਸੰਬਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਸ਼੍ਰੀ ਪੰਜ ਮੰਦਰੀ ਮੰਦਰ ਮੇਹਲੀ ਗੇਟ ਫਗਵਾੜਾ ਵਿਖੇ ਹੋਵੇਗੀ



“Equality and justice”
Patiala 20 December
INTERNATIONAL PAPER, 94636 01616
hardipchumber57@gmail.com

# The Universal Legacy of Dr. B.R. Ambedkar: Tributes from India and the World

Col. Prithvi Raj Kumar
Email: prkumar49@gmail.com

In his sixty-five years, seven months, and twenty-three days on this earth (14 April 1891 - 6 December 1956), Babasaheb Dr. B. R. Ambedkar scripted an unparalleled saga of struggle, sacrifice, and unwavering commitment to the uplift of the oppressed and the realization of an equitable and just social order. Devoting himself to their liberation, he worked tirelessly to build an egalitarian society and to realize social and political democracy grounded in the ideal of “one people, one nation.” His entire mission was rooted in service to humanity and an unimpeachable commitment to the nation.

Addressing a meeting of the Depressed Classes in Poona on May 21, 1932, he firmly declared: “…it is my solemn vow to die in the service and cause of those down-trodden people among whom I was born, I was brought up, and I am living. I would not budge an inch from my righteous cause, or care for the violent and disparaging criticism by my detractors.” [1] Reaffirming this vow later, he stated: “If I fail to do away with the abominable thralldom and inhuman injustice under which the class into which I was born has been groaning, I will put an end to my life with a bullet.” [2]

Finding Hinduism “inimical to equality, antagonistic to liberty and opposed to fraternity, and a gospel of darkness,” he made a historical declaration at the Conference of the Depressed Classes at Yeola (District Nasik) on 13 October 1935. He lamented that, unfortunately for him, he was born a Hindu Untouchable - something beyond his power to prevent, but it was certainly within his power to refuse to live a life of indignity and humiliation. “I solemnly assure you that I will not die a Hindu,” he thundered. [3]

Ambedkar’s philosophy of life was anchored in the principles of Liberty, Equality, and Fraternity. A patriotic nationalist, he stressed in his separate report to the Simon Commission (17 May 1929) that India’s foremost need was a shared sense of nationality - that citizens must consider themselves Indians first and Indians last.[4] Reaffirming this commitment in Bombay in February 1942, he vowed that despite his disagreements with caste Hindus, he would willingly lay down his life in defense of the nation.[4] A staunch advocate of women’s rights, Ambedkar believed that the progress of any community was inseparable from the progress of its women. Viewing their upliftment as a matter of life and death for society and the nation, he passionately led the Hindu Code Bill in Parliament. However, due to orthodox resistance, the Bill was abandoned after four years of deliberation. Deeply disillusioned, Ambedkar resigned from the Nehru Cabinet in protest. The reforms were eventually enacted in a piecemeal manner - but only after his departure.

Speaking at the Buddha Temple in Worli, Bombay, on 29 September 1950, he declared his resolve to devote the remainder of his life to the revival and spread of Buddhism in India - a religion he regarded as uniquely rooted in ethical principles and dedicated to the welfare of the common masses. [4]




His lifelong vows were ultimately fulfilled, and his ideals translated into constitutional reality, when untouchability was abolished and India was constituted as a Sovereign Democratic Republic committed to securing Justice, Liberty, Equality, Fraternity, and Dignity for all citizens on 26 November 1949. Dr. Ambedkar breathed his last on 6 December 1956, shortly after completing the introduction to his dream project, The Buddha and His Dhamma.

The news of the untimely passing of the Father of the Constitution - a sitting Rajya Sabha member, the messiah of the downtrodden, an unflinching champion of women’s rights, a scholar par excellence, and one of the foremost intellectuals and statesmen of the twentieth century, struck the nation with profound shock, especially among those whose cause he had relentlessly served. Tributes poured in from the Indian leaders, judges and scholars, and eminent world leaders to the towering figure.

On 6 December 1956, both Houses of Parliament adjourned without transacting any business as a mark of deep respect to the memory of the Chief Architect of the Constitution and independent India’s first Law Minister. Paying tribute, Dr. Rajendra Prasad, the first President of India, observed that the sudden demise of Dr. Ambedkar had “removed a great personality from Indian public life,” and acknowledged that his contributions - especially as architect of the Constitution, and toward the uplift of the Depressed Classes - “cannot be exaggerated.” Prime Minister Pt. Jawaharlal Nehru praised him as a distinguished champion of the oppressed, declaring that Ambedkar would forever be remembered as “the symbol of revolt against all the oppressing features of Hindu society.” He emphasized that no one had taken greater care in constitution-making, and highlighted Dr. Ambedkar’s tireless efforts toward Hindu Law Reform. [4]

Renu Chakravarty (Communist MP) acknowledged that Dr. Ambedkar had brought national attention to the grave disabilities imposed on millions by the social system. She noted that although the Hindu Code Bill was passed in parts, his original draft had far-sighted principles. The country would always remember him for his outstanding intellect and principles embodied in the Constitution.

Frank Anthony (Anglo-Indian MP) described him as a versatile intellect, profound scholar, and indomitable fighter whose tenacity overcame hardships that would have crushed lesser spirits. “His name will be writ large on the scroll of Indian history,” he declared, a source of pride not only for his community but for the entire nation.

N.S. Kajrolkar (Congress–Bombay) asserted that the progress of the Harijans was largely due to Dr. Ambedkar’s efforts and that his soul would find peace only when untouchability was completely eradicated.

V.N. Gadgil (Congress–Bombay) said Ambedkar was especially revered in Maharashtra for instilling self-respect among the most oppressed, and stressed that his virtues far outweighed his faults if any. His struggle for justice, Gadgil added, was for all Indians.

Y.B. Chavan, Chief Minister of Bombay, called him a doughty champion of the Scheduled Castes and backward classes, an eminent jurist, and a principal architect of a constitution admired worldwide. India in general, and Bombay in particular, he said, had lost a distinguished son. [4]

On every occasion of national, social, or historical significance, and especially on his birth and death anniversaries, Dr. B. R. Ambedkar is remembered with deep respect by leaders and scholars across India and the world.

Former President Dr. S. Radhakrishnan observed that the nation would remain forever grateful to this great son of India for dedicating his life and intellect to public service. He noted that the Smritis or the laws of Manu had no relevance, and Ambedkar’s mastery over constitutional law and profound understanding of Hindu philosophy proved that “great Rishis like him can take birth in any community.”



Dr. Zakir Hussain, another former President, praised Ambedkar’s towering personality, erudition, and fearless courage, acknowledging him as a giant in intellectual stature, legal thought, and parliamentary skill - one who would always be remembered as a chief architect of the Constitution, a distinguished administrator, and the founder of Neo-Buddhism in modern India.

Yet another former President R. Venkataraman, emphasized that Babasaheb’s prestige continues to grow as a leading architect of modern India. As Chairman of the Drafting Committee, he said, Ambedkar anticipated the needs of the new nation and “raised, brick by brick, the magnificent edifice” of fundamental rights that form the backbone of India’s Constitution. [4]

The then Prime Minister Indira Gandhi hailed Dr. Ambedkar as a great son of India - a modern law-giver and principal architect of the Constitution, a “charter of equality” shaped by his vast learning, wisdom, and passionate commitment to justice. Rajiv Gandhi described him as the enduring symbol of the struggle of the depressed classes to “find their place in the sun,” and a leading founding father of the Republic.

According to V. P. Singh, , another former Prime Minister, Ambedkar’s life was a relentless fight against injustice, marked by unwavering dedication to the upliftment of the downtrodden. P. V. Narasimha Rao, yet another Prime Minister, emphasized that Ambedkar’s brilliant intellect brought lasting depth and vision to the Constitution, and that his persistent efforts to secure the rights of weaker sections would continue to inspire the nation’s pursuit of dignity and social justice.

Jogendra Nath Mandal, Law Minister of India and Pakistan, observed that Ambedkar’s emergence from a so-called “untouchable” community at a time of deep social prejudice was a providential turning point for India. Without his ceaseless struggle, he noted, untouchability might never have been abolished, nor the depressed classes raised from centuries of oppression. Ambedkar’s ideals, intellect, and sacrifices, he affirmed, will

guide India for generations to come. [14]

Former Chief Justice of India Ranganath Misra described Dr. B.R. Ambedkar as the chief architect of the Constitution and a multi-faceted leader whose determined efforts led to the abolition of untouchability and the emancipation of the backward classes. Justice O. Chinappa Reddy, delivering the Dr. Ambedkar Memorial Lecture (1992), emphasized that Ambedkar's erudition and vision were enshrined in the Indian Constitution - an enduring symbol of his commitment to democracy, secularism, and human rights for the oppressed. A careful reading of the Constituent Assembly debates revealed not only Dr. Ambedkar's profound erudition and wisdom, but also his steadfast commitment to the principles of justice, liberty, equality, and fraternity enshrined in the Constitution's Preamble.

Former Chief Justice of Bombay High Court N.H.C. Coyajee remarked that every article of the Constitution reflected Dr. Ambedkar's scholarship, skill, and relentless labor. Prof. J.P. Mishra, head of department of history of Banaras Hindu University highlighted that Ambedkar's tireless work imbued the Constitution with the ideals of liberty, equality, and justice, shaping the political framework of modern India.

Dr. Ram Manohar Lohia hailed Dr. Ambedkar as a messiah of the untouchables and a great nation-builder who fought valiantly against caste discrimination to foster fraternity among Indians. Madhu Limaye added that while Gandhi awakened the conscience of society, Ambedkar stood as the true Mahatma - an indefatigable warrior against injustice and a towering Indian statesman. 11

Nobel laureate Amartya Sen hailed Dr. Ambedkar as his “father in economics” acknowledging him as a champion of the underprivileged, a pioneer in social anthropology, and a visionary of a multicultural and egalitarian India. He emphasized Ambedkar's lasting contributions to economic thought, social justice, and constitutional rights - particularly his fight against caste oppression and his advocacy for human dignity - which, Sen noted, deserve far greater recognition.

Lord Mountbatten, the last Viceroy of India, recalled that his admiration for Dr. Ambedkar began in 1943 when he served as Supreme Allied Commander, South East Asia, and Ambedkar was the Labor Member of the Viceroy's Council, championing liberty, equality, fraternity, and fair working conditions. As Viceroy, he strongly supported Jawaharlal Nehru's proposal appointing Dr. Ambedkar as the first Law Minister of independent India. Mountbatten observed: “I was even more pleased to agree to his appointment as Chairman of the Constitution Drafting Committee and watched with admiration the efficient way he piloted the Constitution through the Constituent Assembly. This was his magnificent achievement. Yet, what remains strongest in my mind is his constant championing of the Scheduled Castes. Having himself endured the fearful disabilities imposed on his people, he stood up for them against all opposition. He disagreed violently with Mahatma Gandhi's solution under the Poona Pact, which he felt tied them to the Congress Party. All in all, it was a refreshing experience to know this clear-sighted, brave fighter who has secured an immortal niche in the history of India.” 12



Former Prime Minister of U.K. Margaret Thatcher described Dr. Ambedkar as a remarkable politician, lawyer, and intellectual whose courage and determination in championing the most vulnerable communities left a lasting impact. The Constitution of India, she noted, stands as a fitting tribute to his memory. Sri Lanka's Prime Minister S.W.R.D. Bandaranaike similarly acknowledged his vital role in the revival of Buddhism in India.

Neil Kinnock, former leader of the British Labor Party, hailed Ambedkar as a great son of India and a global citizen who, despite being born into a severely disadvantaged community, fought throughout his life for the rights of the oppressed and for a democratic, secular society where equality would be every citizen's birthright.

Dr. I.G. Patel, Director of the London School of Economics (LSE), quoted Professor Edwin Canon, who regarded Ambedkar as “by far the ablest Indian we ever had in my time.” Patel noted that LSE proudly displays Ambedkar's portrait as recognition of his distinguished achievements. Sir Walter Adams, another Director of LSE, recalled Ambedkar's academic excellence - earning the rare D.Sc. (Economics) in monetary economics, and praised both his intellectual contribution to the Constitution and his decisive role in shaping modern India.

R.M. Summan, Councilor of Letchworth, described Babasaheb as not only the emancipator of India's oppressed but also a towering international figure. Citing John Gunther's Inside Asia, he noted Ambedkar was ranked among the world's (six) greatest intellects. Beverly Nichols, an eminent English journalist who met him in 1945, similarly recognized Ambedkar as “one of the six best brains in India.” Ambedkar's relentless struggle against injustice, inequality, and untouchability earned him a unique place in the hearts of millions - becoming “Babasaheb,” the beloved liberator of the downtrodden. 13

Columbia University, recognizing its student Dr. Ambedkar's role as framer of the Indian Constitution, a great social reformer and a valiant upholder of human rights conferred upon him an honorary degree of Doctor of Laws (LL.D.) in 1952.14 A bronze bust of Ambedkar, installed at the university's Lehman Library, honors him as a distinguished alumnus. Reflecting global admiration, former U.S. President Barack Obama, in his 2010 address to the Indian Parliament, cited Ambedkar as an inspiring figure who rose from disadvantage to help craft a constitution that guarantees the rights of all Indians.

U Nu, the Premier of Burma, hailed Dr. Ambedkar as one of the most illustrious leaders of modern India - a visionary who helped accelerate transformative social change and gave millions hope for a better life. Columbia University President William J. McGill likewise praised Ambedkar's profound humanity and conviction that all people, regardless of origin or opportunity, deserve equitable treatment. As Chairman of the Drafting Committee, he not only shaped India's remarkable Constitution but also elevated the aspirations of the powerless. Like Mahatma Gandhi - though in his own distinct way - his influence earned global respect far beyond India's borders. 15

Nelson Mandela acknowledged Dr. Ambedkar as a powerful source of inspiration, affirming that South Africa's struggle for equality drew from Ambedkar's efforts to transform Indian society. He noted that the Indian Constitution guided South Africa in framing its own, expressing hope that their efforts would reflect the ideals of this “great son of India.” Ambedkar's lifelong commitment to social justice and the upliftment of the oppressed, Mandela said, remains worthy of emulation. (Dhamma Bharat, 12 April 1990)

The list of distinguished Indian and global personalities who have eulogized Dr. Ambedkar's extraordinary contribution to Indian society and humanity at large is practically inexhaustible. To truly comprehend the magnitude of his role in shaping India into an egalitarian and vibrant nation, one needs to delve into his writings and speeches, the Constituent Assembly Debates, and the works of eminent national and international scholars.

The list of leading Indian and global personalities eulogizing Dr. Ambedkar's contribution to the Indian society and the humanity in general is inexhaustive. One needs to go through his writings and speeches, constituent Assembly debates and works of other national and international scholars and writers to have the real picture of Dr. Ambedkar's contribution in establishing India as an egalitarian society and pulsating nation.

Dr. B.R. Ambedkar's life and legacy stand as a testament to his unwavering courage, intellect, and vision. While he faced criticism from opponents, such attacks are unfounded considering his unparalleled contributions to social and economic reform, the annihilation of caste, and the framing of the Indian Constitution - achievements that laid the foundation for an egalitarian, democratic, and vibrant India. A guiding star for India, and indeed for the destiny of humanity, he illuminated the path toward justice, dignity, and equality for all. His ideals continue to offer the most powerful solutions to the social, economic, and political challenges confronting the nation and the humanity. Emulating Dr. Ambedkar in both letter and spirit by his followers and the people at large is essential to realizing the India he envisioned. Truly, nothing can be a greater tribute to him on his Maha Parinirvana Day than faithfully upholding and practicing the philosophy and ideals he devoted his life to - ensuring that his radiant vision continues to illuminate India's march toward a just and humane society.

Reference: 1. BAWS, Vol.17/3,2023, p. 81; 2 Keer, 2016, p. 525; 3. BAWS, Vol.3, p.66; Keer, 2016, p. 253; and BAWS, Vol. 17/3, 2023, p.95; 4. BAWS, Vol. 17/1, p.66; 5. Keer, 2016, pp.340-341 and BAWS, Vol. 17/3, 2023., p.233; 6. BAWS, Vol.17/3, 2023, p. 410; 7. Last Few Years of Dr. Ambedkar, Nanak Chand Rattu, 1997, pp. 141-143, 146; 8. Last Few Years of Dr. Ambedkar, Nanak Chand Rattu, 1997, pp. 143-145, 152; 9. Last Few Years of Dr. Ambedkar, Nanak Chand Rattu, 1997, pp. 146-148; 10. Last Few Years of Dr. Ambedkar, Nanak Chand Rattu, 1997, pp. 149-150, 153,154; 11. Last Few Years of Dr. Ambedkar, Nanak Chand Rattu, 1997, pp. 154 -156, 159, 161; 12. Last Few Years of Dr. Ambedkar, Nanak Chand Rattu, 1997, pp. 257,258; 13. Last Few Years of Dr. Ambedkar, Nanak Chand Rattu, 1997, pp. 258-261; 14. BAWS, Vol.17/3, 2023, p. 468; 15. Last Few Years of Dr. Ambedkar, Nanak Chand Rattu, 1997, p. 260,261

# ਮਨਰੇਗਾ ਵਿੱਚ ਬਦਲਾਅ ਗਰੀਬਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ - ਕਰਮਜੀਤ ਕੌਰ

"Equality and justice" Patiala 20 December INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਮਨਰੇਗਾ ਸਕੀਮ ਵਿੱਚ ਪ੍ਰਸਤਾਵਿਤ ਬਦਲਾਅ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਸਿਰਫ਼ ਨਾਮ ਬਦਲਣਾ ਨਹੀਂ ਹੈ, ਸਗੋਂ ਗ਼ਰੀਬਾਂ ਦੇ ਅਧਿਕਾਰਾਂ ਨੂੰ ਸੀਮਤ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਮਨਰੇਗਾ ਲਈ 90 ਫੀਸਦੀ ਫੰਡਿੰਗ ਪ੍ਰਦਾਨ ਕਰਦੀ ਸੀ, ਹੁਣ ਇਸ ਨੂੰ ਘਟਾ ਕੇ 60:40 ਕਰ ਦਿੱਤਾ ਗਿਆ ਹੈ, ਜਿਸ ਨਾਲ ਰਾਜਾਂ 'ਤੇ ਵਾਧੂ ਵਿੱਤੀ ਬੋਝ ਪਾਇਆ ਜਾ ਰਿਹਾ ਹੈ। ਕਰਮਜੀਤ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਰਾਜਾਂ ਦੇ ਆਰ.ਡੀ.ਐਫ ਅਤੇ ਜੀ.ਐਸ.ਟੀ ਫੰਡ ਰੋਕ ਦਿੱਤੇ ਹਨ। ਇਸ ਤੋਂ ਇਲਾਵਾ ਕੀਤੇ ਜਾ ਰਹੇ ਕੰਮਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ, ਜਿਸ ਤਹਿਤ ਕੇਂਦਰ ਸਰਕਾਰ ਇਹ ਤੈਅ ਕਰਦੀ ਹੈ ਕਿ ਕਿਹੜੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪਾਈਪ ਲਾਈਨਾਂ, ਬਾਜ਼ਾਰਾਂ ਅਤੇ ਪਿੰਡਾਂ ਵਿੱਚ ਉਸਾਰੀ ਵਰਗੇ ਜ਼ਰੂਰੀ ਵਿਕਾਸ ਪ੍ਰੋਜੈਕਟ ਹੁਣ ਮਨਰੇਗਾ ਅਧੀਨ ਨਹੀਂ ਕੀਤੇ ਜਾ ਸਕਦੇ, ਜੋ ਕਿ ਪੇਂਡੂ ਜ਼ਰੂਰਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਪਿੰਡਾਂ ਦੇ ਛੱਪੜਾਂ ਦੀ ਸਫਾਈ ਪੰਜ ਸਾਲਾਂ ਵਿੱਚ ਸਿਰਫ਼ ਇੱਕ ਵਾਰ ਹੀ ਕੀਤੀ ਜਾ ਸਕਦੀ ਹੈ ਤਾਂ 125 ਦਿਨਾਂ ਦਾ ਰੁਜ਼ਗਾਰ ਕਿਵੇਂ ਪੂਰਾ ਹੋਵੇਗਾ। ਇਹ ਗਰੀਬਾਂ ਦੇ ਮੂੰਹੋਂ ਰੋਟੀ ਖੋਹਣ ਦੇ ਬਰਾਬਰ ਹੈ ਅਤੇ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮੁੱਦਾ ਹਰ ਮੰਚ ਅਤੇ ਸੈਸ਼ਨ ਵਿੱਚ ਉਠਾਇਆ ਜਾਵੇਗਾ। ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਇਹ ਮੁੱਦਾ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਹੈ, ਸਗੋਂ ਦੇਸ਼ ਭਰ ਦੇ 68 ਕਰੋੜ ਮਨਰੇਗਾ ਕਾਰਡ ਧਾਰਕਾਂ ਦੇ ਹਿੱਤਾਂ ਨਾਲ ਸਬੰਧਤ ਹੈ। ਇੱਕ ਪਾਸੇ ਗਰੀਬਾਂ ਦਾ ਮੁਕਤੀਦਾਤਾ ਬਣਨ ਦੀ ਗੱਲ ਹੋ ਰਹੀ ਹੈ, ਜਦੋਂ ਕਿ ਦੂਜੇ ਪਾਸੇ ਕੰਮ ਅਤੇ ਪੈਸਾ ਦੇਣਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣਾ ਯੋਗਦਾਨ 10 ਪ੍ਰਤੀਸ਼ਤ ਅਤੇ ਹੁਣ 40 ਪ੍ਰਤੀਸ਼ਤ ਵਧਾ ਦਿੱਤਾ ਹੈ, ਫਿਰ ਵੀ ਕੰਮ ਦਾ ਕੰਟਰੋਲ ਕੇਂਦਰ ਸਰਕਾਰ ਨੂੰ ਸੌਂਪ ਦਿੱਤਾ ਗਿਆ ਹੈ।

# ਬੱਚਿਆ ਲਈ ਜਰੂਰੀ ਚੰਗੇ ਸੰਸਕਾਰ-ਲਵਪ੍ਰੀਤ ਸਿੰਘ 9779689984

"Equality and justice" Patiala 20 December INTERNATIONAL PAPER, 94636 01616 hardipchumber57@gmail.com



ਅੱਜ ਦੀ ਪਦਾਰਥਕ ਦੌੜ ਨੇ ਜਿੱਥੇ ਰਿਸ਼ਤਿਆਂ ਦਾ ਰੰਗ ਫਿੱਕਾ ਕੀਤਾ ਹੈ, ਉਥੇ ਹੀ ਮਾਂ-ਬਾਪ ਨੂੰ ਆਪਣੀ ਔਲਾਦ ਪ੍ਰਤੀ ਗੰਭੀਰ ਜ਼ਿੰਮੇਵਾਰੀਆਂ ਤੋਂ ਵੀ ਬੇਮੁੱਖ ਕਰ ਦਿੱਤਾ ਹੈ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਦਸਤਪੰਜਾ ਲੈਣ ਦੀ ਜਾਚ ਔਲਾਦ ਨੇ ਮਾਪਿਆਂ ਤੋਂ ਹੀ ਸਿੱਖਣੀ ਹੁੰਦੀ ਹੈ ਬੱਚਿਆਂ ਦੀ ਮੁੱਢਲੀ ਪਾਠਸ਼ਾਲਾ ਮਾਪੇ ਹਨ ਅਤੇ ਇਸ ਪਾਠਸ਼ਾਲਾ 'ਚ ਉਨ੍ਹਾਂ ਨੇ ਜ਼ਿੰਦਗੀ ਦੀ ਪੜ੍ਹਾਈ ਦੇ ਉਹ ਪਾਠ ਸਿੱਖਣੇ ਹੁੰਦੇ ਹਨ ਜਿਨ੍ਹਾਂ ਦਾ ਪ੍ਰਭਾਵ ਸਾਰੀ ਜ਼ਿੰਦਗੀ 'ਤੇ ਪੈਂਦਾ ਹੈ ਕਿਤਾਬੀ ਪੜ੍ਹਾਈ 'ਚ ਪਾਠ ਪਹਿਲਾਂ ਦਿੱਤਾ ਜਾਂਦਾ ਹੈ ਤੇ ਪ੍ਰੀਖਿਆ ਬਾਅਦ 'ਚ ਹੁੰਦੀ ਹੈ ਪਰ ਜ਼ਿੰਦਗੀ ਦੀ ਪੜ੍ਹਾਈ 'ਚ ਪ੍ਰੀਖਿਆ ਪਹਿਲਾਂ ਹੁੰਦੀ ਹੈ ਤੇ ਸਬਕ ਬਾਅਦ 'ਚ ਮਿਲਦਾ ਹੈ।

ਮਾਂ ਹੀ ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਕਿਵੇਂ ਵਰਤਣਾ ਹੈ ਤੇ ਬਾਪ ਦੀ ਪ੍ਰੇਰਨਾ ਨਾਲ ਹੀ ਬੱਚਾ ਸਿੱਖਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ ਪਰ ਇਸ ਵੇਲੇ ਤਾਂ ਜ਼ਿੰਦਗੀ ਦੀ ਭੱਜ-ਦੌੜ 'ਚ ਬੱਚੇ ਨੌਕਰਾਂ ਦੇ ਰਹਿਮ 'ਤੇ ਨਿਰਭਰ ਹੋ ਗਏ ਹਨ ਬੱਚਿਆਂ ਨੂੰ ਖਵਾਉਣ ਪਿਆਉਣ ਤੇ ਨਹਾਉਣ ਤੋਂ ਲੈ ਕੇ ਸਕੂਲ ਛੱਡਣ ਤੱਕ ਦੀ ਜ਼ਿੰਮੇਵਾਰੀ ਨੌਕਰਾਂ 'ਤੇ ਛੱਡਣ ਕਾਰਨ ਬੱਚਿਆਂ ਨਾਲ ਮਾਪਿਆਂ ਦਾ ਮੋਹ, ਸਤਿਕਾਰ ਤੇ ਅਪਣੱਤ ਦੇ ਰਿਸ਼ਤੇ 'ਚ ਤਰੇੜ ਆ ਗਈ ਹੈ ਪਦਾਰਥਕ ਦੌੜ 'ਚ ਬਹੁਤ ਮਾਪੇ ਆਪਣੀ ਫੁੱਲੀ ਹੋਈ ਜੇਬ ਨੂੰ ਹੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਸਮਝ ਕੇ ਆਪਣੀ ਅਸਲ ਪੂੰਜੀ ਔਲਾਦ ਤੇ ਧਿਆਨ ਕੇਂਦਰਤ ਨਹੀਂ ਕਰ ਰਹੇ। ਬੱਚਿਆਂ ਨੂੰ ਮੋਹ-ਪਿਆਰ, ਸਤਿਕਾਰ, ਦੁਲਾਰ ਤੇ ਹਵਸ ਦੇ ਫਰਕ ਨੂੰ ਪਛਾਨਣ ਦੀ ਜਾਚ ਮਾਪਿਆਂ ਨੇ ਹੀ ਦੇਈ ਹੁੰਦੀ ਹੈ ਬੱਚਿਆਂ ਅੰਦਰ ਸਵੈ-ਵਿਸ਼ਵਾਸ, ਉਸਾਰੂ ਤੇ ਸਵੈ-ਚਿੰਤਨ ਦੇ ਸੰਸਕਾਰ ਭਰਨ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੈ, ਘਰੇਲੂ ਨੌਕਰਾਂ ਦੀ ਨਹੀਂ ਹਰ ਘਰ 'ਚ ਚੇਤਨਾ ਦਾ ਦੀਵਾ ਜਗਾਉਣ ਦੀ ਲੋੜ ਹੈ ਸਵੈ-ਚਿੰਤਨ, ਸਵੈ-ਮੁਲਾਂਕਣ ਦੀ ਜਾਚ ਬੱਚਿਆਂ ਨੂੰ ਟੋਕਣ ਨਾਲ ਨਹੀਂ, ਸਗੋਂ ਮਾਪਿਆਂ ਵੱਲ ਵੇਖ-ਵੇਖ ਕੇ ਆਉਂਦੀ ਹੈ ਬੱਚੇ ਕਹਿਣ-ਸੁਣਨ ਨਾਲੋਂ ਨਕਲ ਕਰਨ ਨੂੰ ਤਰਜ਼ੀਹ ਦਿੰਦੇ ਹਨ ਤੇ ਜੇਕਰ ਮਾਪੇ ਔਲਾਦ ਤੇ ਸਮਾਜ ਲਈ ਰੋਲ ਮਾਡਲ ਦਾ ਫਰਜ਼ ਨਿਭਾਉਣਗੇ ਤਾਂ ਬੱਚੇ ਨਕਲ ਕਰਦਿਆਂ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਜਰੂਰ ਚੱਲਣਗੇ । ਬੱਚਿਆਂ ਅੰਦਰ ਪ੍ਰੇਮ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬਚਪਨ ਵਿਚ ਸਿੱਖੀ ਪ੍ਰੇਮ ਦੀ ਭਾਵਨਾ ਭਵਿੱਖ ਵਿਚ ਦੇਸ਼ ਅਤੇ ਕਿੱਤੇ ਪ੍ਰਤੀ ਲਾਹੇਵੰਦ ਸਾਬਿਤ ਹੋਵੇਗੀ ਜਿਸ ਨਾਲ ਦੇਸ਼ ਅੰਦਰ ਇਕ ਦੂਜੇ ਪ੍ਰਤੀ ਪਿਆਰ ਵੱਧੇਗਾ ਅਤੇ ਦਿਲਾਂ ਵਿੱਚੋਂ ਨਫ਼ਰਤ ਖ਼ਤਮ ਹੋਵੇਗੀ। ਅੱਜ ਦੇ ਬੱਚਿਆਂ ਵਿਚ ਸਹਿ-ਸ਼ਕਤੀ ਦੀ ਬਹੁਤ ਕਮੀ ਹੈ ਉਹ ਹਰ ਇਕ ਗੱਲ ਤੇ ਖਿੱਝ ਜਾਂਦੇ ਹਨ ਅਤੇ ਗੁੱਸਾ ਕਰਦੇ ਹਨ ਜਿਸ ਨਾਲ ਜਿੱਥੇ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਉੱਥੇ ਹੀ ਮਾਤਾ ਪਿਤਾ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਲਈ ਬੱਚਿਆਂ ਅੰਦਰ ਸਹਿਣ-ਸ਼ਕਤੀ ਦੀ ਆਦਤ ਪਾਉਣੀ ਚਾਹੀਦੀ ਹੈ। ਬੱਚਿਆਂ ਅੰਦਰ ਦੇਸ਼ ਪਿਆਰ, ਦੇਸ਼ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਣਾ ਅਤੀ ਜ਼ਰੂਰੀ ਹੈ ਤਾਂ ਜੋ ਕਿਸੇ ਮੁਸ਼ਕਿਲ ਸਮੇਂ ਬੱਚੇ ਦੇਸ਼ ਲਈ ਕੁਝ ਕਰ ਕੇ ਦਿਖਾ ਸਕਣ। ਇਸ ਲਈ ਬੱਚਿਆਂ ਨੂੰ ਦੇਸ਼ ਭਗਤਾਂ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਸੂਰਬੀਰਾਂ ਦੀਆਂ ਕਹਾਣੀਆਂ ਸੁਣਾ ਕੇ ਪ੍ਰੇਰਿਤ ਕਰਨਾ ਚਾਹੀਦਾ ਹੈ। ਜ਼ਿੰਦਗੀ ਵਿਚ ਚੰਗੇ ਸੰਸਕਾਰਾਂ ਦਾ ਹੋਣਾ ਅਤੀ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਪਹਿਚਾਣ ਉਸ ਦੇ ਚੰਗੇ ਗੁਣਾ ਕਰਕੇ ਕੀਤੀ ਜਾਂਦੀ ਹੈ ਨਾ ਕਿ ਉਸ ਦੀ ਧਨ ਦੌਲਤ ਨਾਲ। ਚੰਗੇ ਸੰਸਕਾਰ ਵਾਲੇ ਵਿਅਕਤੀ ਦਾ ਸਦਾ ਆਦਰ ਹੀ ਕੀਤਾ ਜਾਂਦਾ ਹੈ ਇਸ ਲਈ ਸਾਡੇ ਸੰਸਕਾਰ ਅਜਿਹੇ ਹੋਣੇ ਚਾਹੀਦੇ ਹਨ ਜੋ ਸਮਾਜ ਲਈ ਇਕ ਮਿਸਾਲ ਬਣ ਸਕਣ।

# ਨੌਜਵਾਨਾਂ ਨੂੰ ਨਸ਼ਾ, ਬਾਲ ਵਿਆਹ ਤੇ ਐਚ.ਆਈ.ਵੀ ਮੁਕਤ ਭਾਰਤ ਸਿਰਜਣ ਦਾ ਸੱਦਾ

"Equality and justice" Patiala 20 December INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ- ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਖ-ਵੱਖ ਪਿੰਡਾਂ, ਸਕੂਲਾਂ, ਸਿਵਲ ਹਸਪਤਾਲ, ਨਸ਼ਾ ਛੁਡਾਊ ਕੇਂਦਰ, ਮੁੜ ਵਸੇਬਾ ਕੇਂਦਰ, ਕੇਂਦਰੀ ਜੇਲ੍ਹ, ਹੁਸ਼ਿਆਰਪੁਰ, ਆਬਜ਼ਰਵੇਸ਼ਨ ਹੋਮ, ਹੁਸ਼ਿਆਰਪੁਰ ਅਤੇ ਸਾਂਝ ਕੇਂਦਰ ਵਿੱਚ ਖੋਲ੍ਹੇ ਗਏ ਲੀਗਲ ਏਡ ਕਲੀਨਿਕਾਂ ਵਿੱਚ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ, ਤਾ ਜ਼ੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਤੋ ਇਲਾਵਾ ਇਕ ਹੋਰ ਮੁਹਿੰਮ ਬਾਲ ਵਿਵਾਹ ਮੁਕਤ ਭਾਰਤ ਅਤੇ 'ਮਨੁੱਖੀ ਰੋਗ-ਪ੍ਰਤੀਰੋਧੀ ਪ੍ਰਣਾਲੀ ਦਾ ਰੋਗ' (ਐਚ. ਆਈ. ਵੀ ਏਡਜ਼ ਕੰਪੇਨ) ਸਬੰਧੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਦੱਸਿਆ ਗਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਇਸ ਦੌਰਾਨ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ

# ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ ਵਿਖੇ ਮੈਗਾ ਪੀ ਟੀ ਐੱਮ ਕਰਵਾਈ ਗਈ

"Equality and justice" Patiala 20 December INTERNATIONAL PAPER, 94636 01616 hardipchumber57@gmail.com



